ਸੋਮਵਾਰ, 22 ਮਈ, 2023
8 ਜੇਠ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 351

ਨਵਾਂ ਜ਼ਮਾਨਾ

DAILY NAWAN ZAMANA • MONDAY, 22 MAY, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਪ੍ਰਧਾਨ ਮੰਤਰੀ ਨੇ ਪ੍ਰਧਾਨ ਮੰਤਰੀ ਦੇ ਪੈਰੀਂ ਹੱਥ ਲਾਇਆ

ਪੋਰਟ ਮੋਰੇਸਬੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਐਤਵਾਰ ਪਪੂਆ ਨਿਊ ਗਿਨੀਆ ਪੁੱਜਣ 'ਤੇ ਉਥੋਂ ਦੇ ਪ੍ਰਧਾਨ ਮੰਤਰੀ ਜੇਮਸ ਮਰਾਪੇ ਨੇ ਉਨ੍ਹਾ ਦੇ ਪੈਰੀਂ ਹੱਥ ਲਾਇਆ। ਭਾਜਪਾ ਦੇ ਆਈ ਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿਚ ਭਾਰਤ ਦੀ ਚੜ੍ਹਤ ਦੀ ਇਸ ਤੋਂ ਵਧੀਆ ਤਸਵੀਰ ਹੋਰ ਨਹੀਂ ਹੋ ਸਕਦੀ।

ਮਜੀਠੀਆ ਮਾਮਲੇ 'ਚ ਸਿਟ ਦਾ ਮੁਖੀ ਬਦਲਿਆ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖਿਲਾਫ ਨਸ਼ਾ ਤਸਕਰੀ ਕੇਸ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿਟ) ਨਵੇਂ ਸਿਰੇ ਤੋਂ ਕਾਇਮ ਕੀਤੀ ਗਈ ਹੈ। ਵਿਜੀਲੈਂਸ ਬਿਊਰੋ ਦੇ ਡਾਇਰੈਕਟਰ ਰਾਹੁਲ ਦੀ ਥਾਂ 'ਸਿਟ' ਦੀ ਅਗਵਾਈ ਹੁਣ ਪਟਿਆਲਾ ਰੇਂਜ ਦੇ ਆਈ ਜੀ ਸ੍ਰੀ ਐੱਮ ਐੱਸ ਛੀਨਾ ਕਰਨਗੇ। ਵਿਸ਼ੇਸ਼ ਜਾਂਚ ਟੀਮ ਦੇ ਬਾਕੀ ਮੈਂਬਰ ਪਹਿਲਾਂ ਵਾਲੇ ਹੀ ਰਹਿਣਗੇ, ਜਿਨ੍ਹਾਂ 'ਚ ਏ ਆਈ ਜੀ ਰੈਂਕ ਦੇ ਅਧਿਕਾਰੀ ਰਣਜੀਤ ਸਿੰਘ ਢਿੱਲੋਂ, ਰਘਬੀਰ ਸਿੰਘ (ਡੀ ਐੱਸ ਪੀ ਐੱਸ ਟੀ ਐੱਫ ਰੂਪਨਗਰ) ਤੇ ਅਮਰਪ੍ਰੀਤ ਸਿੰਘ (ਡੀ ਐੱਸ ਪੀ ਖਰੜ-2) ਸ਼ਾਮਲ ਹਨ। ਡਰੱਗਜ਼ ਕੇਸਾਂ 'ਚ ਹੁਣ ਤੱਕ ਚਲਾਨ ਨਾ ਪੇਸ਼ ਕੀਤੇ ਜਾਣ ਕਰਕੇ ਰਾਹੁਲ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਨਸ਼ਾ ਤਸਕਰਾਂ ਦੀ ਕਥਿਤ ਮਦਦ ਦੇ ਦੋਸ਼ 'ਚ ਮਜੀਠੀਆ ਖਿਲਾਫ ਦਸੰਬਰ 2021 ਵਿਚ ਕੇਸ ਦਰਜ ਕੀਤਾ ਗਿਆ ਸੀ। ਮਜੀਠੀਆ ਨੇ ਬੇਕਸੂਰ ਹੋਣ ਦਾ ਦਾਅਵਾ ਕਰਦਿਆਂ ਕਿਹਾ ਸੀ ਕਿ ਪੁਲਸ ਕੋਲ ਉਨ੍ਹਾ ਵਿਰੁੱਧ ਕੁਝ ਨਹੀਂ ਅਤੇ ਉਹ ਚਲਾਨ ਪੇਸ਼ ਨਹੀਂ ਕਰ ਸਕੀ।

ਪਰਲ ਗਰੁੱਪ ਦੀ ਜਾਂਚ ਵਿਜੀਲੈਂਸ ਹਵਾਲੇ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਪਰਲ ਗਰੁੱਪ ਚਿੱਟ ਫੰਡ ਘੁਟਾਲੇ ਦੀ ਜਾਂਚ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ ਹੈ। ਹੁਕਮਾਂ ਮੁਤਾਬਕ ਵਿਜੀਲੈਂਸ ਬਿਊਰੋ ਘੁਟਾਲੇ ਨੂੰ ਲੈ ਕੇ ਫਿਰੋਜ਼ਪੁਰ 'ਚ ਦਰਜ ਕੇਸ ਆਪਣੇ ਹੱਥਾਂ 'ਚ ਲਏਗੀ। ਮੁੱਖ ਮੰਤਰੀ ਭਗਵੰਤ ਮਾਨ ਨੇ ਹਾਲ ਹੀ 'ਚ ਕਿਹਾ ਸੀ ਕਿ ਸਰਕਾਰ ਪਰਲ ਘੁਟਾਲੇ ਨਾਲ ਸਿੱਝਣ ਲਈ ਨਵੀਂ ਰਣਨੀਤੀ ਘੜਨ ਬਾਰੇ ਸੋਚ ਰਹੀ ਹੈ।

ਕੈਨੇਡਾ 'ਚ ਨਵ ਨਿਸ਼ਾਨ ਸਿੰਘ 'ਤੇ ਦਵਿੰਦਰ ਕੌਰ ਦੇ ਕਤਲ ਦਾ ਦੋਸ਼

ਟੋਰਾਂਟੋ : ਕੈਨੇਡਾ ਦੇ ਬਰੈਂਪਟਨ ਸ਼ਹਿਰ 'ਚ ਭਾਰਤੀ ਮੂਲ ਦੇ 44 ਸਾਲਾ ਵਿਅਕਤੀ 'ਤੇ ਸਿੱਖ ਔਰਤ ਨੂੰ ਚਾਕੂ ਮਾਰ ਕੇ ਕਤਲ ਕਰਨ ਦੇ ਦੋਸ਼ ਲਾਏ ਗਏ ਹਨ। ਪੁਲਸ ਨੇ ਕਿਹਾ ਕਿ ਨਵ ਨਿਸ਼ਾਨ ਸਿੰਘ ਨੇ ਬਰੈਂਪਟਨ ਸ਼ਹਿਰ ਦੇ ਸਪੈਰੋ ਪਾਰਕ 'ਚ ਸ਼ੁੱਕਰਵਾਰ ਦਵਿੰਦਰ ਕੌਰ (43) ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ। ਮੁਲਜ਼ਮ ਨੂੰ ਅਪਰਾਧ ਵਾਲੀ ਥਾਂ ਤੋਂ ਕੁਝ ਦੂਰੀ 'ਤੇ ਗ੍ਰਿਫਤਾਰ ਕਰ ਲਿਆ ਗਿਆ ਸੀ। ਮੁਲਜ਼ਮ 'ਤੇ ਪਹਿਲੇ ਦਰਜੇ ਦੇ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਕਾਂਸਟੇਬਲ ਟਾਈਲਰ ਬੈੱਲ ਅਨੁਸਾਰ ਦੋਵੇਂ ਇੱਕ-ਦੂਜੇ ਨੂੰ ਜਾਣਦੇ ਸਨ, ਪਰ ਕਤਲ ਦੀ ਵਜ੍ਹਾ ਬਾਰੇ ਅਜੇ ਸਪੱਸ਼ਟ ਨਹੀਂ।

ਦੋ ਵਿਦਿਆਰਥੀਆਂ ਦੀ ਡੁੱਬਣ ਨਾਲ ਮੌਤ

ਭਵਾਨੀਗੜ੍ਹ : ਨੇੜਲੇ ਪਿੰਡ ਫੱਗੂਵਾਲਾ ਦੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਦੇ ਸਰੋਵਰ ਵਿੱਚ ਐਤਵਾਰ ਇਸ਼ਨਾਨ ਕਰਨ ਸਮੇਂ ਦੋ ਵਿਦਿਆਰਥੀਆਂ ਦੀ ਮੌਤ ਹੋ ਗਈ। 8 ਨੌਜਵਾਨ ਦਸਵੀਂ ਜਮਾਤ 'ਚ ਪਾਸ ਹੋਣ ਮਗਰੋਂ ਪਾਰਟੀ ਕਰਨ ਲਈ ਇਕੱਤਰ ਹੋਏ ਸਨ। ਇਨ੍ਹਾਂ 'ਚ ਦੋ ਰੇਤਗੜ੍ਹ, ਦੋ ਕਪਿਆਲ, ਦੋ ਨਾਗਰਾ ਅਤੇ ਇਕ-ਇਕ ਝਨੇੜੀ-ਘਰਾਚੋਂ ਦੇ ਸਨ। ਪਾਰਟੀ ਲਈ ਭਵਾਨੀਗੜ੍ਹ ਆਉਂਦੇ ਹੋਏ ਇਹ ਸਰੋਵਰ 'ਚ ਇਸ਼ਨਾਨ ਕਰਨ ਲਈ ਰੁਕ ਗਏ। ਡੁੱਬਣ ਦੀਆਂ ਆਵਾਜ਼ਾਂ ਤੋਂ ਬਾਅਦ ਲੋਕਾਂ ਨੇ ਬੜੀ ਜੱਦੋਜਹਿਦ ਤੋਂ ਬਾਅਦ ਜਦੋਂ ਤੱਕ ਜਸਕਰਨ ਸਿੰਘ ਰੇਤਗੜ੍ਹ ਅਤੇ ਅਕਸ਼ੈ ਨੁਟਿਆਰ ਵਾਸੀ ਉੱਤਰਾਖੰਡ ਹਾਲ ਆਬਾਦ ਕਪਿਆਲ ਨੂੰ ਬਾਹਰ ਕੱਢਿਆ, ਉਦੋਂ ਤੱਕ ਉਨ੍ਹਾਂ ਦੀ ਮੌਤ ਹੋ ਚੁੱਕੀ ਸੀ।

ਭਲਵਾਨਾਂ ਦੇ ਹੱਕ 'ਚ 28 ਨੂੰ ਦਿੱਲੀ 'ਚ ਮਹਿਲਾ ਮਹਾਂ ਪੰਚਾਇਤ

ਰੋਹਤਕ : ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਤੇ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਣ ਸਿੰਘ ਖਿਲਾਫ ਦਿੱਲੀ ਦੇ ਜੰਤਰ-ਮੰਤਰ 'ਚ ਧਰਨਾ ਦੇ ਰਹੇ ਭਲਵਾਨਾਂ ਦੇ ਹੱਕ ਵਿਚ ਐਤਵਾਰ ਇਥੇ ਮੇਹਮ ਚੌਬੀਸੀ ਦੇ ਇਤਿਹਾਸਕ ਚਬੂਤਰੇ 'ਤੇ ਪੰਜ ਘੰਟੇ ਚੱਲੀ ਸਰਬ ਖਾਪ ਮਹਾਂਪੰਚਾਇਤ ਵਿਚ ਹਰਿਆਣਾ ਤੇ ਯੂ ਪੀ ਤੋਂ ਇਲਾਵਾ ਹੋਰਨਾਂ ਰਾਜਾਂ ਦੇ ਖਾਪ ਨੁਮਾਇੰਦੇ ਪੁੱਜੇ। ਕਿਸਾਨ ਆਗੂ ਰਾਕੇਸ਼ ਟਿਕੈਤ ਤੇ ਧਰਨਾ ਦੇਣ ਵਾਲੇ ਭਲਵਾਨ ਵੀ ਮੌਜੂਦ ਸਨ। ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਭਲਵਾਨਾਂ ਦੀ ਹਮਾਇਤ 'ਚ 23 ਮਈ ਨੂੰ ਦਿੱਲੀ 'ਚ ਕੈਂਡਲ ਮਾਰਚ ਕੱਢਿਆ ਜਾਵੇਗਾ। ਇੰਡੀਆ ਗੇਟ ਤੋਂ ਸ਼ਾਮ ਪੰਜ ਵਜੇ ਸ਼ੁਰੂ ਹੋਣ ਵਾਲੇ ਕੈਂਡਲ ਮਾਰਚ 'ਚ ਦੇਸ਼ ਭਰ ਦੇ ਲੋਕਾਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਇਸ ਤੋਂ ਬਾਅਦ 28 ਮਈ ਨੂੰ ਨਵੇਂ ਸੰਸਦ ਭਵਨ ਕੰਪਲੈਕਸ 'ਚ ਖਾਪਾਂ ਦੀ ਮਹਿਲਾ ਮਹਾਂਪੰਚਾਇਤ ਹੋਵੇਗੀ, ਜਿਸ ਵਿਚ ਦੇਸ਼ ਭਰ ਤੋਂ ਮਹਿਲਾਵਾਂ ਦੇ ਇਲਾਵਾ ਖਾਪ ਤੇ ਕਿਸਾਨ ਬੀਬੀਆਂ ਦੀਆਂ ਆਗੂ ਵੀ ਪੁੱਜਣਗੀਆਂ। ਮਹਿਲਾ ਮਹਾਂਪੰਚਾਇਤ ਭਲਵਾਨਾਂ ਨਾਲ ਮਿਲ ਕੇ ਜੋ ਵੀ ਫੈਸਲਾ ਲਵੇਗੀ, ਉਹ ਸਾਰੀਆਂ ਖਾਪਾਂ ਨੂੰ ਮਨਜ਼ੂਰ ਹੋਵੇਗਾ ਅਤੇ ਫੈਸਲੇ ਦੇ ਪੰਜ ਘੰਟਿਆਂ ਦੇ ਵਿਚ-ਵਿਚ ਸਾਰੀਆਂ ਖਾਪਾਂ ਤੋਂ ਵੱਧ ਤੋਂ ਵੱਧ ਲੋਕ ਦਿੱਲੀ ਪੁੱਜ ਜਾਣਗੇ। ਸਰਬ ਖਾਪ ਮਹਾਂਪੰਚਾਇਤ ਨੇ ਬ੍ਰਿਜ ਭੂਸ਼ਣ ਦਾ ਨਾਰਕੋ ਟੈੱਸਟ ਕਰਾਉਣ ਦੀ ਮੰਗ ਵੀ ਕੀਤੀ ਗਈ, ਤਾਂ ਕਿ ਲੋਕਾਂ ਦਾ ਭਰਮ ਦੂਰ ਹੋ ਸਕੇ ਤੇ ਉਸ ਦੀ ਗ੍ਰਿਫਤਾਰੀ ਕੀਤੀ ਜਾ ਸਕੇ। ਮਹਾਂਪੰਚਾਇਤ 'ਚ ਪੁੱਜੀ ਕੌਮਾਂਤਰੀ ਭਲਵਾਨ ਸਾਕਸ਼ੀ ਮਲਿਕ ਨੇ ਸਾਰੀਆਂ ਖਾਪਾਂ ਨੂੰ ਹੱਥ ਜੋੜ ਕੇ ਕਿਹਾ ਕਿ ਇਹ ਉਨ੍ਹਾਂ ਦੀ ਇੱਜ਼ਤ ਦੀ ਲੜਾਈ ਹੈ। ਜੇ ਇਸ ਵਿਚ ਉਹ ਗਲਤ ਹੋਣ ਤਾਂ ਉਨ੍ਹਾਂ ਨੂੰ ਜੋ ਮਰਜ਼ੀ ਸਜ਼ਾ ਦੇ ਦਿਓ। ਮਹਾਂਪੰਚਾਇਤ ਵਿਚ ਹਰਿਆਣਾ ਦੇ ਮੰਤਰੀ ਸੰਦੀਪ ਸਿੰਘ ਦਾ ਵੀ ਮੁੱਦਾ ਉੱਠਿਆ, ਜਿਸ ਵਿਰੁੱਧ ਜੂਨੀਅਰ ਮਹਿਲਾ ਕੋਚ ਨੇ ਸੈਕਸੁਅਲ ਹਰਾਸਮੈਂਟ ਦਾ ਕੇਸ ਦਰਜ ਕਰਵਾ ਰੱਖਿਆ ਹੈ। ਖਾਪ ਪੰਚਾਇਤਾਂ ਨੇ 7 ਮਈ ਨੂੰ ਜੰਤਰ-ਮੰਤਰ ਵਿਚ ਮੀਟਿੰਗ ਕਰਕੇ ਕੇਂਦਰ ਸਰਕਾਰ ਨੂੰ ਬ੍ਰਿਜ ਭੂਸ਼ਣ ਖਿਲਾਫ 20 ਮਈ ਤੱਕ ਦਾ ਅਲਟੀਮੇਟਮ ਦਿੱਤਾ ਸੀ। ਕੇਂਦਰ ਸਰਕਾਰ ਜਾਂ ਦਿੱਲੀ ਪੁਲਸ ਵੱਲੋਂ ਕੋਈ ਕਾਰਵਾਈ ਨਾ ਕਰਨ 'ਤੇ ਮੇਹਮ ਚੌਬੀਸੀ ਦੇ ਚਬੂਤਰੇ 'ਤੇ ਸਰਬ ਖਾਪ ਮਹਾਂਪੰਚਾਇਤ ਸੱਦੀ ਗਈ ਸੀ।

ਸਾਰੇ ਚੈਨਲਾਂ ਨੂੰ ਗੁਰਬਾਣੀ ਪ੍ਰਸਾਰਨ ਲਈ ਮੁਫਤ ਅਧਿਕਾਰ ਮਿਲਣੇ ਚਾਹੀਦੇ : ਮਾਨ

ਚੰਡੀਗੜ੍ਹ, (ਗੁਰਜੀਤ ਬਿੱਲਾ) -ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਪਵਿੱਤਰ ਗੁਰਬਾਣੀ ਦੇ ਪ੍ਰਸਾਰਨ ਦੇ ਅਧਿਕਾਰ ਸਿਰਫ ਇਕ ਚੈਨਲ ਨੂੰ ਦਿੱਤੇ ਜਾਣ ਦੇ ਤਰਕ 'ਤੇ ਸਵਾਲ ਚੁੱਕਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਅਤਿ-ਆਧੁਨਿਕ ਤਕਨਾਲੋਜੀ ਵਾਲੇ ਉਪਕਰਨ ਲਾਉਣ ਦਾ ਸਾਰਾ ਖਰਚਾ ਚੁੱਕਣ ਲਈ ਤਿਆਰ ਹੈ, ਤਾਂ ਜੋ ਗੁਰਬਾਣੀ ਦਾ ਸਾਰੇ ਚੈਨਲਾਂ 'ਤੇ ਮੁਫਤ ਪ੍ਰਸਾਰਨ ਕੀਤਾ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ 'ਸਰਬੱਤ ਦਾ ਭਲਾ' ਦੇ ਵਿਸ਼ਵਵਿਆਪੀ ਸੰਦੇਸ਼ ਨੂੰ ਫੈਲਾਉਣ ਦੇ ਉਦੇਸ਼ ਨਾਲ 'ਸਰਬ ਸਾਂਝੀ ਗੁਰਬਾਣੀ' ਦਾ ਪ੍ਰਚਾਰ ਤੇ ਪਸਾਰ ਵਿਸ਼ਵ ਭਰ ਵਿੱਚ ਕਰਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾ ਕਿਹਾ ਕਿ ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਪ੍ਰਸਾਰਨ ਲਈ ਸਿਰਫ ਇਕ ਚੈਨਲ ਨੂੰ ਹੀ ਵਿਸ਼ੇਸ਼ ਅਧਿਕਾਰ ਦਿੱਤੇ ਗਏ ਹਨ। ਇਹ ਅਧਿਕਾਰ ਕਿਸੇ ਇਕ ਚੈਨਲ ਤੱਕ ਸੀਮਤ ਕਰਨ ਦੀ ਬਜਾਏ ਸਾਰੇ ਚੈਨਲਾਂ ਨੂੰ ਮੁਫਤ ਵਿੱਚ ਦਿੱਤੇ ਜਾਣੇ ਚਾਹੀਦੇ ਹਨ। ਉਹਨਾ ਕਿਹਾ ਕਿ ਇਹ ਉਪਰਾਲਾ ਦੇਸ਼-ਵਿਦੇਸ਼ ਵਿੱਚ ਸੰਗਤਾਂ ਨੂੰ ਆਪਣੇ ਘਰਾਂ ਵਿੱਚ ਬੈਠ ਕੇ ਅਨੰਦਮਈ ਗੁਰਬਾਣੀ ਕੀਰਤਨ ਸਰਵਣ ਕਰਨ ਦਾ ਮੌਕਾ ਪ੍ਰਦਾਨ ਕਰੇਗਾ। ਉਨ੍ਹਾ ਕਿਹਾ ਕਿ ਇਸ ਨਾਲ ਲੋਕ ਆਪਣੇ ਟੀ ਵੀ. ਸੈੱਟ ਜਾਂ ਹੋਰ ਉਪਕਰਨਾਂ ਰਾਹੀਂ ਸੱਚਖੰਡ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰ ਵੀ ਕਰ ਸਕਣਗੇ। ਪੰਜਾਬ ਸਰਕਾਰ ਸਾਰੇ ਚੈਨਲਾਂ 'ਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਲਈ ਹਾਈਟੈਕ ਉਪਕਰਨ ਲਾਉਣ ਦਾ ਸਾਰਾ ਖਰਚਾ ਚੁੱਕਣ ਲਈ ਤਿਆਰ ਹੈ। ਉਹਨਾ ਕਿਹਾ ਕਿ ਗੁਰਬਾਣੀ ਦੇ ਸੰਦੇਸ਼ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਉਣਾ ਸਮੇਂ ਦੀ ਜ਼ਰੂਰਤ ਹੈ। ਉਨ੍ਹਾ ਕਿਹਾ ਕਿ ਗੁਰਬਾਣੀ ਦੀ ਪਹੁੰਚ ਨੂੰ ਇਕ ਮਾਧਿਅਮ ਤੱਕ ਸੀਮਤ ਕਰਨ ਦੀ ਬਜਾਏ ਹਰ ਚੈਨਲ ਨੂੰ ਮੁਫਤ ਪ੍ਰਸਾਰਨ ਕਰਨ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ।

ਨੋਟ ਬਦਲਾਉਣ ਲਈ ਫਾਰਮ ਦੀ ਲੋੜ ਨਹੀਂ

ਨਵੀਂ ਦਿੱਲੀ : ਦੋ ਹਜ਼ਾਰ ਰੁਪਏ ਦੇ ਕਰੰਸੀ ਨੋਟਾਂ ਨੂੰ ਬੈਂਕਾਂ ਵਿੱਚੋਂ ਬਦਲਾਉਣ ਲਈ ਕਿਸੇ ਤਰ੍ਹਾਂ ਦਾ ਫਾਰਮ ਜਾਂ ਹੋਰ ਪਰਚੀ ਭਰਨ ਦੀ ਲੋੜ ਨਹੀਂ ਅਤੇ ਨਾ ਹੀ ਕੋਈ ਸ਼ਨਾਖਤੀ ਕਾਰਡ ਵਿਖਾਉਣਾ ਹੋਵੇਗਾ। ਭਾਰਤੀ ਸਟੇਟ ਬੈਂਕ ਨੇ ਆਪਣੇ ਸਾਰੇ ਮੁਕਾਮੀ ਮੁੱਖ ਦਫਤਰਾਂ ਨੂੰ ਭੇਜੇ ਪੱਤਰ 'ਚ ਸਾਫ ਕਰ ਦਿੱਤਾ ਹੈ ਕਿ 2000 ਰੁਪਏ ਦੇ ਨੋਟ ਬਦਲਵਾਉਣ ਲਈ ਆਏ ਵਿਅਕਤੀਆਂ ਨੂੰ ਕਿਸੇ ਤਰ੍ਹਾਂ ਦੀ ਪਰਚੀ ਭਰਨ ਲਈ ਨਾ ਆਖਿਆ ਜਾਵੇ। ਭਾਰਤੀ ਰਿਜ਼ਰਵ ਬੈਂਕ ਨੇ ਸ਼ੁੱਕਰਵਾਰ 2000 ਰੁਪਏ ਦੇ ਕਰੰਸੀ ਨੋਟ ਵਾਪਸ ਲੈਣ ਦਾ ਐਲਾਨ ਕੀਤਾ ਸੀ।

ਕੇਂਦਰੀ ਬੈਂਕ ਨੇ ਕਿਹਾ ਸੀ ਕਿ ਇਕ ਦਿਨ 'ਚ ਇਕ ਵਿਅਕਤੀ ਨੂੰ ਵੱਧ ਤੋਂ ਵੱਧ 20 ਹਜਾਰ ਰੁਪਏ ਭਾਵ 2000 ਰੁਪਏ ਦੇ ਦਸ ਨੋਟ ਬਦਲਾਉਣ ਦੀ ਹੀ ਖੁੱਲ੍ਹ ਰਹੇਗੀ। ਅਜਿਹੇ ਨੋਟਾਂ ਨੂੰ ਆਪਣੇ ਖਾਤੇ 'ਚ ਜਮ੍ਹਾਂ ਕਰਨ ਬਾਰੇ ਰਿਜ਼ਰਵ ਬੈਂਕ ਨੇ ਭਾਵੇਂ ਕੋਈ ਸੀਮਾ ਨਿਰਧਾਰਤ ਨਹੀਂ ਕੀਤੀ, ਪਰ ਇਹ ਕੇ ਵਾਈ ਸੀ (ਆਪਣੇ ਗਾਹਕ ਨੂੰ ਜਾਣੋ) ਦੇ ਮੌਜੂਦਾ ਨਿਯਮਾਂ ਅਤੇ ਹੋਰ ਲਾਗੂ ਕਾਨੂੰਨੀ ਲੋੜਾਂ ਦੀ ਪਾਲਣਾ ਦੇ ਅਧੀਨ ਹੋਵੇਗਾ। ਨੋਟ ਜਮ੍ਹਾਂ ਕਰਵਾਉਣ ਜਾਂ ਬਦਲਣ ਲਈ ਲੋਕਾਂ ਨੂੰ 23 ਮਈ ਤੋਂ 30 ਸਤੰਬਰ ਤੱਕ ਦਾ ਸਮਾਂ ਦਿੱਤਾ ਗਿਆ ਹੈ।

ਸ੍ਰੀਨਗਰ 'ਚ ਜੀ-20 ਮੀਟਿੰਗ ਅੱਜ ਤੋਂ

ਸ੍ਰੀਨਗਰ : ਬੀ ਐੱਸ ਐੱਫ ਨੇ ਸੋਮਵਾਰ ਤੋਂ ਸ੍ਰੀਨਗਰ 'ਚ ਜੀ-20 ਟੂਰਿਜ਼ਮ ਵਰਕਿੰਗ ਗਰੁੱਪ ਦੀ ਮੀਟਿੰਗ ਤੋਂ ਪਹਿਲਾਂ ਐਤਵਾਰ ਕੌਮਾਂਤਰੀ ਸਰਹੱਦ 'ਤੇ ਸੁਰੱਖਿਆ ਵਧਾ ਦਿੱਤੀ। ਝਨਾਂ ਦਰਿਆ ਦੇ ਕੰਢੇ ਗਸ਼ਤ ਲਈ ਬੀ ਐੱਸ ਐੱਫ ਨੇ ਵਿਸ਼ੇਸ਼ ਜਲ ਦਸਤਾ ਤਾਇਨਾਤ ਕੀਤਾ ਹੈ। ਦਸਤੇ ਨੂੰ ਵਿਸ਼ੇਸ਼ ਕਿਸ਼ਤੀਆਂ ਮੁਹੱਈਆ ਕੀਤੀਆਂ ਗਈਆਂ ਹਨ। ਜੀ-20 ਮੀਟਿੰਗ 22 ਤੋਂ 24 ਮਈ ਤੱਕ ਚੱਲੇਗੀ। ਸ੍ਰੀਨਗਰ ਦੀ ਡਲ ਝੀਲ 'ਤੇ ਵੀ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ, ਕਿਉਂਕਿ ਝੀਲ ਦੇ ਕੰਢੇ ਸ਼ੇਰ ਏ ਕਸ਼ਮੀਰ ਕੌਮਾਂਤਰੀ ਕਾਨਫਰੰਸ ਸੈਂਟਰ 'ਚ ਵਰਕਿੰਗ ਗਰੁੱਪ ਦੀ ਮੀਟਿੰਗ ਹੋਣੀ ਹੈ।

ਕੇਂਦਰ ਨਾਲ ਲੜਾਈ 'ਚ ਨਿਤੀਸ਼ ਦੀ ਕੇਜਰੀਵਾਲ ਨੂੰ ਡਟਵੀਂ ਹਮਾਇਤ

ਨਵੀਂ ਦਿੱਲੀ : ਲੋਕ ਸਭਾ ਚੋਣਾਂ 'ਚ ਭਾਜਪਾ ਦੇ ਟਾਕਰੇ ਲਈ ਵਿਰੋਧੀ ਧਿਰਾਂ ਨੂੰ ਇਕ ਮੰਚ 'ਤੇ ਲਿਆਉਣ ਲਈ ਕੀਤੀ ਜਾ ਰਹੀ ਕਵਾਇਦ ਤਹਿਤ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਐਤਵਾਰ ਦਿੱਲੀ ਦੇ ਮੁੱਖ ਮੰਤਰੀ ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਇਸ ਮੌਕੇ ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਵੀ ਮੌਜੂਦ ਸਨ। ਕੇਜਰੀਵਾਲ ਦੀ ਰਿਹਾਇਸ਼ 'ਤੇ ਹੋਈ ਮੁਲਾਕਾਤ ਦੌਰਾਨ ਨਿਤੀਸ਼ ਨੇ ਦਿੱਲੀ ਵਿਚ ਪ੍ਰਸ਼ਾਸਨਕ ਸੇਵਾਵਾਂ ਦੇ ਕੰਟਰੋਲ ਨੂੰ ਲੈ ਕੇ ਕੇਂਦਰ ਨਾਲ ਚੱਲ ਰਹੇ ਵਿਵਾਦ 'ਚ 'ਆਪ' ਸਰਕਾਰ ਨੂੰ ਪੂਰੀ ਹਮਾਇਤ ਦੇਣ ਦਾ ਐਲਾਨ ਕੀਤਾ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਉਹ ਇਸ ਮਾਮਲੇ 'ਚ ਹਮਾਇਤ ਲਈ ਨਿੱਜੀ ਤੌਰ 'ਤੇ ਵਿਰੋਧੀ ਪਾਰਟੀਆਂ ਦੇ ਮੁਖੀਆਂ ਤੱ

22-MAY-PAGE-1.qxd 5/21/2023 9:52 PM Page 2

'ਮੇਰੀ ਲਾਈਫ-ਮੇਰਾ ਸਵੱਛ ਸ਼ਹਿਰ' ਦਾ ਭੀਖੀ ਸ਼ਹਿਰ 'ਚ ਸ਼ੁੱਭ ਆਰੰਭ

ਭੀਖੀ, (ਧਰਮਵੀਰ ਸ਼ਰਮਾ)-ਨਗਰ ਪੰਚਾਇਤ ਭੀਖੀ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਨੂੰ ਲੈ ਕੇ ਭੀਖੀ ਵਿਖੇ ਚਲਾਈ ਜਾ ਰਹੀ ਸਵੱਛਤਾ ਦੀ ਵਿਸ਼ੇਸ਼ ਮੁਹਿੰਮ "ਮੇਰੀ ਲਾਈਫ-ਮੇਰਾ ਸਵੱਛ ਸ਼ਹਿਰ" ਦਾ ਉਦਘਾਟਨ ਨਗਰ ਪੰਚਾਇਤ ਅਧਿਕਾਰੀ ਅਸ਼ੀਸ਼ ਕੁਮਾਰ ਨੇ ਕੀਤਾ। ਉਨ੍ਹਾ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਬਦਲਾਅ ਲਿਆ ਕੇ ਵਾਤਾਵਰਣ ਦੀ ਸੁਰੱਖਿਆ ਵਿੱਚ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾ ਕਿਹਾ ਕਿ ਇਸ ਮੁਹਿੰਮ ਦੌਰਾਨ ਭੀਖੀ ਵਿੱਚ ਵਾਰਡ ਨੰ. 12 ਵਿਖੇ ਐੱਮ.ਆਰ.ਐੱਫ. 'ਤੇ ਆਰ.ਆਰ.ਆਰ. ਸੈਂਟਰ ਬਣਾਇਆ ਜਾਵੇਗਾ, ਜਿਨ੍ਹਾਂ 'ਚ ਲੋਕ ਆਪਣਾ ਵਰਤਿਆ ਤੇ ਮੁੜ ਵਰਤੋਂ ਯੋਗ ਸਾਮਾਨ ਜਮ੍ਹਾਂ ਕਰਵਾ ਸਕਣਗੇ। ਇਹ ਕੇਂਦਰ ਸਵੱਛ ਭਾਰਤ ਮਿਸ਼ਨ ਤਹਿਤ ਗੀਡਿਊਸ, ਗੀਯੂਜ ਤੇ ਗੀਸਾਈਕਲ ਦੇ ਸਿਧਾਂਤਾਂ 'ਤੇ ਸਥਾਪਤ ਕੀਤੇ ਜਾਣਗੇ। ਨਗਰ ਪੰਚਾਇਤ ਦੇ ਲੇਖਾਕਾਰ ਹੈਪੀ ਜਿੰਦਲ ਨੇ ਦੱਸਿਆ ਕਿ ਸ਼ਹਿਰ ਵਾਸੀ ਆਪਣਾ ਵਰਤਿਆ ਜਾਣ ਵਾਲਾ ਸਾਮਾਨ ਜਿਵੇਂ ਕਿ ਕੱਪੜੇ, ਜੁੱਤੀਆਂ-ਚੱਪਲਾਂ, ਬੈਗ, ਖਿਡੌਣੇ, ਕਿਤਾਬਾਂ ਤੇ ਹੋਰ ਸਟੇਸਨਰੀ, ਇਲੈਕਟ੍ਰੋਨਿਕਸ ਵਸਤੂਆਂ, ਭਾਂਡੇ-ਡੱਬੇ, ਗੱਦੇ-ਸਰਹਾਣੇ, ਫਰਨੀਚਰ ਆਦਿ ਆਰ.ਆਰ.ਆਰ. ਕੇਂਦਰਾਂ ਵਿੱਚ ਜਮ੍ਹਾਂ ਕਰਵਾਉਣਗੇ। ਕੋਈ ਵੀ ਲੋੜਵੰਦ ਵਿਅਕਤੀ ਇਹ ਸਾਮਾਨ ਮੁਫਤ ਲੈ ਸਕੇਗਾ ਤੇ ਬਾਕੀ ਸਾਮਾਨ ਨੂੰ ਰੀਸਾਈਕਲ ਕੀਤਾ ਜਾਵੇਗਾ। ਸਾਮਾਨ ਜਮ੍ਹਾਂ ਕਰਵਾਉਣ ਵਾਲਿਆਂ ਨੂੰ ਵਾਪਸੀ ਤੋਹਫੇ ਵਜੋਂ ਮੁਫਤ ਖਾਦ, ਕੱਪੜੇ ਦੇ ਥੈਲੇ ਤੇ ਪ੍ਰਸੰਸਾ ਪੱਤਰ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਲੋਕਾਂ ਦੀ ਸਹੂਲਤ ਲਈ ਸਾਰੇ ਕੇਂਦਰਾਂ ਨੂੰ ਜੀਉ-ਟੈਗ ਕੀਤਾ ਜਾਵੇਗਾ ਤੇ ਰੋਜ਼ਾਨਾ ਮਿਲਣ ਵਾਲੀ ਸਮੱਗਰੀ ਦਾ ਰਿਕਾਰਡ ਰੱਖਿਆ ਜਾਵੇਗਾ। ਸੈਨੀਟਰੀ ਇੰਸਪੈਕਟਰ ਰੁਸਤਮ ਸ਼ੇਰ ਸੋਢੀ ਤੇ ਸਵੱਛ ਭਾਰਤ ਦੀ ਟੀਮ ਨੇ ਕਿਹਾ ਕਿ ਇਹ ਮੁਹਿੰਮ ਸ਼ਹਿਰ ਨੂੰ ਕੂੜਾ ਮੁਕਤ ਬਣਾਉਣ ਲਈ ਮੀਲ ਪੱਥਰ ਸਾਬਿਤ ਹੋਵੇਗੀ। ਉਨ੍ਹਾਂ ਨਾਗਰਿਕਾਂ ਤੇ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੇੜਲੇ ਕੇਂਦਰਾਂ ਵਿੱਚ ਵੱਧ ਤੋਂ ਵੱਧ ਮੁੜ ਵਰਤੋਂ ਸਾਮਾਨ ਜਮ੍ਹਾਂ ਕਰਵਾਉਣ। ਪਲਾਸਟਿਕ ਦੇ ਲਿਫਾਫਿਆਂ/ਸਿੰਗਲ ਯੂਜ਼ ਪਲਾਸਟਿਕ ਦੀਆਂ ਵਸਤੂਆਂ ਦੀ ਵਰਤੋਂ ਨਾ ਕਰਨ ਦੀ ਵੀ ਅਪੀਲ ਕੀਤੀ। ਇਸ ਮੌਕੇ ਕੂੜੇ ਤੋਂ ਬਣਾਈ ਖਾਦ ਦੇ ਥੈਲੇ ਵੀ ਵੰਡੇ ਗਏ।

ਇਸ ਮੌਕੇ ਨਗਰ ਪੰਚਾਇਤ ਕਰਮਚਾਰੀ ਜਗਤਾਰ ਸਿੰਘ, ਕੁਲਵੰਤ ਸਿੰਘ, ਰਾਮ ਸਿੰਘ ਅਕਲੀਆ, ਸਾਬਕਾ ਐੱਮ ਸੀ ਮੱਖਣ ਹਾਜੀ, ਲੱਕੀ ਅਲੀਸ਼ੇਰ, ਸੁਖਦੇਵ ਸਿੰਘ ਸੁਖਦੀਪ ਤੇ ਹੋਰ ਵੀ ਹਾਜ਼ਰ ਸਨ।

ਹਠੂਰ-ਜਗਰਾਓਂ ਮੁੱਖ ਸੜਕ ਬੁਰੀ ਤਰ੍ਹਾਂ ਟੁੱਟੀ, ਆਏ ਦਿਨ ਹੁੰਦੇ ਨੇ ਹਾਦਸੇ

ਹਠੂਰ (ਨਛੱਤਰ ਸੰਧੂ) : ਹਠੂਰ-ਜਗਰਾਓਂ ਮੁੱਖ ਸੜਕ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ, ਜਿਸ ਦੇ ਟੋਏਆਂ ਵਿੱਚ ਪਾਣੀ ਵੀ ਖੜਾ ਰਹਿੰਦਾ ਹੈ ਤੇ ਆਏ ਦਿਨ ਹਾਦਸੇ ਵਾਪਰਦੇ ਰਹਿੰਦੇ ਹਨ, ਜਿਸ ਕਾਰਨ ਕਈ ਵਾਰ ਨੌਜਵਾਨਾਂ ਦੀ ਮੌਤ ਦਾ ਕਾਰਨ ਵੀ ਇਹ ਬੁਰੀ ਤਰ੍ਹਾਂ ਟੁੱਟੀ ਸੜਕ ਹੀ ਬਣੀ ਹੈ। ਇਲਾਕੇ ਦੇ ਸਮਾਜਸੇਵੀ ਲੋਕਾਂ ਨੇ ਇਹ ਟੁੱਟ ਚੁੱਕੀਆਂ ਸੜਕਾਂ ਦਾ ਮੁੱਦਾ ਹਲਕੇ ਦੀ ਵਿਧਾਇਕ ਸਰਬਜੀਤ ਕੌਰ ਤੇ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਕੋਲ ਵੀ ਉਠਾਇਆ ਹੈ, ਪ੍ਰੰਤੂ ਇਨ੍ਹਾਂ ਸੜਕਾਂ ਦਾ ਕੋਈ ਵੀ ਹੱਲ ਕਰਨ ਲਈ ਤਿਆਰ ਨਹੀਂ ਜਾਪਦਾ, ਜਿਸ ਕਾਰਨ ਹੁਣ ਲੋਕ ਸੰਘਰਸ਼ ਉਲੀਕਣ ਲਈ ਮਜਬੂਰ ਹੋ ਗਏ ਹਨ। ਇਸ ਸਬੰਧੀ ਕਿਸਾਨ ਆਗੂ ਬੂਟਾ ਸਿੰਘ ਚਕਰ, ਮਾਸਟਰ ਮਹਿੰਦਰ ਸਿੰਘ ਕਮਾਲਪੁਰਾ ਨੇ ਕਿਹਾ ਕਿ ਸਰਕਾਰ ਨੇ ਇਨ੍ਹਾਂ ਸੜਕਾਂ ਦੀ ਰਿਪੇਅਰ ਕਰੇ ਜਾਂ ਨਵੀਆਂ ਬਣਾਵੇ, ਨਹੀਂ ਤਾਂ ਅਸੀਂ ਸੰਘਰਸ਼ ਵਿੱਢਣ ਲਈ ਮਜਬੂਰ ਹੋਵਾਂਗੇ। ਇਸੇ ਤਰ੍ਹਾਂ ਹੀ ਬਰੁਜ ਕਲਾਰਾਂ, ਲੱਖਾ, ਚਕਰ ਤੇ ਮਾਣੂਕੇ ਪਿੰਡਾ ਦੀਆਂ ਸੜਕਾਂ ਵੀ ਬੁਰੀ ਤਰ੍ਹਾਂ ਟੁੱਟ ਚੁੱਕੀਆਂ ਹਨ, ਜਿਸ ਕਾਰਨ ਇਨ੍ਹਾਂ ਪਿੰਡਾਂ ਦੇ ਲੋਕਾਂ ਵੱਲੋਂ ਸਮੇਂ-ਸਮੇਂ 'ਤੇ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਵੀ ਕੀਤੀ ਗਈ ਹੈ, ਪ੍ਰੰਤੂ ਸਰਕਾਰ ਤੇ ਪ੍ਰਸ਼ਾਸਨ ਦੀ ਅਣਦੇਖੀ ਕਾਰਨ ਇਨ੍ਹਾਂ ਸੜਕਾਂ ਦੀ ਰਿਪੇਅਰ ਤੱਕ ਨਹੀਂ ਕੀਤੀ ਗਈ, ਜਿਸ ਕਾਰਨ ਇਹ ਸੜਕਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਹੁਣ ਪਿੰਡਾਂ ਦੇ ਸਮਾਜਸੇਵੀ ਲੋਕਾਂ ਨੇ ਕਿਹਾ ਕਿ ਜੇਕਰ ਟੁੱਟ ਚੁੱਕੀਆਂ ਸੜਕਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਅਸੀਂ ਆਉਣ ਵਾਲੇ ਸਮੇਂ 'ਚ ਸੰਘਰਸ਼ ਵਿੱਢਣ ਲਈ ਮਜਬੂਰ ਹੋਵਾਂਗੇ।

ਇਨ੍ਹਾਂ ਪਿੰਡਾਂ ਦੇ ਮੁੱਖ ਮਾਰਗ ਬੁਰੀ ਤਰ੍ਹਾਂ ਟੁੱਟ ਜਾਣ ਕਰਕੇ ਇਨ੍ਹਾਂ ਪਿੰਡਾਂ ਵਿੱਚ ਦੀ ਜਾਂਦੀਆਂ ਬੱਸਾਂ ਵਾਲਿਆਂ ਨੇ ਰੂਟ ਵੀ ਬਦਲ ਲਏ ਹਨ, ਲੋਕਾਂ ਨੂੰ ਹੁਣ ਬੱਸ ਸਫਰ ਤੋਂ ਵੀ ਵਾਂਝੇ ਕਰ ਦਿੱਤਾ ਗਿਆ ਹੈ।

ਪਿੰਡ ਲੱਖਾ ਦੇ ਸਰਪੰਚ ਜਸਵੀਰ ਸਿੰਘ, ਹਠੂਰ ਦੇ ਸਰਪੰਚ ਮਲਕੀਤ ਸਿੰਘ, ਰਾਜਵਿੰਦਰ ਸਿੰਘ ਬਰੁਜ ਕਲਾਰਾਂ, ਪਰਮਿੰਦਰ ਸਿੰਘ ਕੰਬੋਜ ਹਠੂਰ, ਪ੍ਰਿੰ. ਬਲਵੰਤ ਸਿੰਘ ਚਕਰ, ਸਾਬਕਾ ਸਰਪੰਚ ਗੁਰਚਰਨ ਸਿੰਘ ਲੱਖਾ, ਸਾਬਕਾ ਸਰਪੰਚ ਪਰਮਜੀਤ ਸਿੰਘ ਲੱਖਾ, ਪੰਚ ਜਸਵਿੰਦਰ ਸਿੰਘ ਲੱਖਾ, ਸਰਬਜੀਤ ਸਿੰਘ ਹਠੂਰ, ਪ੍ਰਧਾਨ ਸੁਰਜੀਤ ਸਿੰਘ ਲੱਖਾ ਆਦਿ ਆਗੂਆਂ ਨੇ ਕਿਹਾ ਕਿ ਅਸੀਂ ਬਹੁਤ ਵਾਰ ਇਨ੍ਹਾਂ ਸੜਕਾਂ ਦੀ ਰਿਪੇਅਰ ਜਾਂ ਨਵੀਆਂ ਬਣਾਉਣ ਲਈ ਮੰਗ ਕਰ ਚੁੱਕੇ ਹਾਂ, ਪ੍ਰੰਤੂ ਪ੍ਰਸ਼ਾਸਨ ਤੇ ਸਰਕਾਰ ਨੇ ਇਨ੍ਹਾਂ ਸੜਕਾਂ ਦੀ ਮੁਰੰਮਤ ਦਾ ਕੋਈ ਕੰਮ ਨਹੀਂ ਕੀਤਾ, ਜਿਸ ਕਾਰਨ ਇਨ੍ਹਾਂ ਸੜਕਾਂ ਦੀ ਹਾਲਤ ਗੰਭੀਰ ਸਮੱਸਿਆ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਬਹੁਤ ਵਾਰ ਇਨ੍ਹਾਂ ਸੜਕਾਂ 'ਤੇ ਵਾਪਰੇ ਹਾਦਸੇ ਕਰਕੇ ਕੀਮਤੀ ਜਾਨਾਂ ਵੀ ਗਈਆਂ ਹਨ। ਜੇਕਰ ਇਨ੍ਹਾਂ ਟੁੱਟ ਚੁੱਕੀਆਂ ਸੜਕਾਂ ਦੀ ਮੁਰੰਮਤ ਨਾ ਕੀਤੀ ਤਾਂ ਅਸੀਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਸ਼ੁਰੂ ਕਰਾਂਗੇ, ਜਿਸ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।

ਵਕੀਲਾਂ ਵੱਲੋਂ ਪੰਜ ਦਿਨ ਦਾ ਹਫਤਾ ਕਰਨ ਲਈ ਹੜਤਾਲ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਬਾਰ ਐਸੋਸੀਏਸ਼ਨ ਸਮਾਣਾ ਦੇ ਵਕੀਲਾਂ ਦੀ ਇੱਕ ਵਿਸ਼ੇਸ਼ ਮੀਟਿੰਗ ਬਾਰ ਦੇ ਪ੍ਰਧਾਨ ਹਰਸਿਮਰਨ ਪਾਲ ਸਿੰਘ ਤਤਲਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪੰਜਾਬ ਦੀਆਂ ਕੋਰਟਾਂ ਵਿੱਚ ਕੰਮ ਕਰਨ ਲਈ ਪੰਜ ਦਿਨ ਦਾ ਹਫਤਾ ਕਰਨ ਦੀ ਲਟਕਦੀ ਆ ਰਹੀ ਮੰਗ ਨੂੰ ਮਨਵਾਉਣ ਲਈ ਸਨਿੱਚਰਵਾਰ ਨੂੰ ਹੜਤਾਲ ਕਰਕੇ ਅਦਾਲਤਾਂ ਦਾ ਕੰਮ ਕਾਜ ਬਿੱਲਕੁਲ ਬੰਦ ਰੱਖਿਆ।

ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਤੱਤਲਾ ਨੇ ਦੱਸਿਆ ਕਿ ਕੋਰਟਾਂ ਦਾ ਕੰਮ ਕਰਨ ਦਾ ਪੰਜ ਦਿਨ ਦਾ ਹਫਤਾ ਕਰਨ ਦੇ ਸਬੰਧ ਵਿੱਚ ਹੜਤਾਲ ਕੀਤੀ ਗਈ ਹੈ। ਇਹ ਹੜਤਾਲ ਹਰ ਸਨਿੱਚਰਵਾਰ ਲਗਾਤਾਰ ਜਾਰੀ ਰਹੇਗੀ, ਜਦੋਂ ਤੱਕ ਕੋਰਟਾਂ ਵਿੱਚ ਕੰਮ ਕਰਨ ਦਾ ਹਫਤਾ ਪੰਜ ਦਿਨ ਦਾ ਨਹੀਂ ਹ�و ਜਾਂਦਾ। ਸਰਕਾਰ ਤੇ ਉੱਚ ਅਦਾਲਤਾਂ ਨੂੰ ਆਮ ਜਨਤਾ ਦੇ ਹੁੰਦੇ ਨੁਕਸਾਨ ਨੂੰ ਰੋਕਣ ਲਈ ਵਕੀਲਾਂ ਦੀ ਇਸ ਮੰਗ ਨੂੰ ਮੰਨ ਲੈਣਾ ਚਾਹੀਦਾ ਹੈ।

ਇਸ ਮੌਕੇ ਬਾਰ ਐਸੋਸੀਏਸ਼ਨ ਸਮਾਣਾ ਦੇ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ, ਜਿਨ੍ਹਾਂ ਵਿੱਚ ਬਾਰ ਐਸੋਸੀਏਸ਼ਨ ਸਮਾਣਾ ਦੇ ਮੀਤ ਪ੍ਰਧਾਨ ਹਰਤੇਜ ਸਿੰਘ ਸੰਧੂ, ਸੈਕਟਰੀ ਗੁਰਜੋਤ ਸਿੰਘ ਵਿਰਕ, ਜੁਆਇੰਟ ਸੈਕਟਰੀ ਨਵਜੋਤ ਗਰਗ, ਕੈਸ਼ੀਅਰ ਪ੍ਰਿਥਪਾਲ ਸਿੰਘ ਰਵੇਲ, ਲਾਇਬਰੇਰੀਅਨ ਜਗਮੀਤ ਕੌਰ, ਐਗਜ਼ੈਕਟਿਵ ਮੈਂਬਰ ਸ਼ਿਵਚਰਨ ਵਰਤੀਆ, ਖਵਾਬ ਸੋਨੀ, ਜੁਵਰਾਜ ਸਿੰਘ ਵੜੈਚ, ਸਾਬਕਾ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ, ਰਜਵੰਤ ਸਿੰਘ ਵਿਰਕ ਆਦਿ ਹਾਜ਼ਰ ਸਨ।

ਮੈਡੀਕਲ ਕਾਲਜ ਤੇ ਹਸਪਤਾਲ 'ਤੇ ਰੋਕ ਲਗਾਉਣ ਦਾ ਸੰਗਤਾਂ ਵੱਲੋਂ ਵਿਰੋਧ

ਲੌਂਗੋਵਾਲ, (ਪ੍ਰਦੀਪ ਸੱਪਲ) : ਸ਼੍ਰੋਮਣੀ ਕਮੇਟੀ ਵੱਲੋਂ ਮਸਤੂਆਣਾ ਸਾਹਿਬ ਵਿਖੇ ਮੈਡੀਕਲ ਕਾਲਜ ਤੇ ਹਸਪਤਾਲ ਉਪਰ ਰੋਕ ਲਗਾਉਣ ਕਾਰਨ ਇਲਾਕੇ ਦੀਆਂ ਸੰਗਤਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਵਿਰੁੱਧ ਰੋਸ ਕਾਫੀ ਵਧ ਰਿਹਾ ਹੈ। ਇਲਾਕੇ ਦੀਆਂ ਸਮੁੱਚੀ ਸੰਗਤਾਂ ਤੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਕੀਤੇ ਗਏ ਸੰਘਰਸ਼ ਤਹਿਤ ਪਿੰਡ ਝੁੰਦਾ ਵਿਖੇ ਸੁਖਬੀਰ ਬਾਦਲ, ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਤੇ ਜ਼ਿਲ੍ਹਾ ਪ੍ਰਧਾਨ ਇਕਬਾਲ ਸਿੰਘ ਝੁੰਦਾ ਦੇ ਪੁਤਲੇ ਸਾੜ ਕੇ ਨਾਰੇਬਾਜ਼ੀ ਕੀਤੀ ਗਈ। ਦੱਸਣਯੋਗ ਹੈ ਕਿ ਉਕਤ ਮੈਡੀਕਲ ਕਾਲਜ ਉਪਰ ਲੱਗੀ ਰੋਕ ਹਟਾਉਣ ਲਈ ਸ਼੍ਰੋਮਣੀ ਕਮੇਟੀ ਕਈ ਵਾਰ ਲਿਖਤੀ ਸਮਝੌਤਾ ਕਰਕੇ ਮੁੱਕਰ ਗਈ ਹੈ। ਸੰਯੁਕਤ ਮੋਰਚਾ ਤੇ ਇਲਾਕੇ ਦੀਆਂ ਸੰਗਤਾਂ ਨੇ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਸਖਤ ਸ਼ਬਦਾਂ ਵਿੱਚ ਇਹ ਚੇਤਾਵਨੀ ਦਿੱਤੀ ਗਈ ਕਿ ਜੇਕਰ ਕਾਲਜ ਤੇ ਹਸਪਤਾਲ ਉਪਰ ਲੱਗੀ ਰੋਕ ਨਾ ਹਟਾਈ ਗਈ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਦੌਰਾਨ ਇਕਬਾਲ ਸਿੰਘ ਝੁੰਦਾ ਨੇ ਆਪਣਾ ਸਪੱਸ਼ਟੀਕਰਨ ਦੇਣਾ ਚਾਹਿਆ, ਪਰ ਉਹ ਸੰਗਤ ਦੇ ਸਵਾਲਾਂ ਦੇ ਜਵਾਬ ਤਸੱਲੀਬਖਸ਼ ਨਹੀਂ ਦੇ ਸਕੇ। ਇਸ ਸਮੇਂ ਦਰਸ਼ਨ ਸਿੰਘ ਕੁੰਨਰਾਂ ਜ਼ਿਲ੍ਹਾ ਜਨ. ਸਕੱਤਰ, ਜਗਤਾਰ ਸਿਘ ਦੁੱਗਾਂ ਜ਼ਿਲ੍ਹਾ ਆਗੂ ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ), ਕਰਨੈਲ ਸਿੰਘ ਜੱਸੇਕਾ ਲੌਂਗੋਵਾਲ ਭਾਰਤੀ ਕਿਸਾਨ ਯੂਨੀਅਨ (ਆਜ਼ਾਦ), ਬਲਦੇਵ ਸਿੰਘ ਬੱਗੂਆਣਾ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਬੂਟਾ ਸਿੰਘ ਬਹਾਦਰਪੁਰ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਭੂਰਾ ਸਿੰਘ ਦੁੱਗਾ ਜਮਹੂਰੀ ਕਿਸਾਨ ਸਭਾ, ਰਾਜਿੰਦਰ ਸਿੰਘ ਲਿੱਦੜਾਂ ਗੁ. ਅੰਗੀਠਾ ਸਾਹਿਬ ਮਸਤੂਆਣਾ ਆਦਿ ਮੌਜੂਦ ਸਨ।

ਪੀਰ ਬਾਬਾ ਮਿੱਠੂ ਸ਼ਾਹ ਜੀ ਦਾ ਸਾਲਾਨਾ ਜੋੜ ਮੇਲਾ ਮਨਾਇਆ

ਮੱਖੂ (ਰਛਪਾਲ ਸਿੰਘ ਸੰਧੂ) : ਧੰਨ ਧੰਨ ਪੀਰ ਬਾਬਾ ਮਿੱਠੂ ਸ਼ਾਹ ਜੀ ਦਾ ਸਾਲਾਨਾ ਜੋੜ ਮੇਲਾ ਸੰਗਤਾਂ ਵੱਲੋਂ ਮੁੱਖ ਸੇਵਾਦਾਰ ਰਜਿੰਦਰ ਸਿੰਘ ਦੀ ਅਗਵਾਈ ਹੇਠ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਸਾਲਾਨਾ ਜੋੜ ਮੇਲੇ ਮੌਕੇ ਦਰਗਾਹ 'ਤੇ ਸਵੇਰ ਵੇਲੇ ਝੰਡੇ ਦੀ ਰਸਮ ਤੇ ਸ਼ਾਮ ਵੇਲੇ ਬਾਬਾ ਜੀ ਦੀ ਮਜਾਰ 'ਤੇ ਚਾਦਰ ਪੇਸ਼ ਕਰਨ ਦੀ ਰਸਮ ਮੁੱਖ ਸੇਵਾਦਾਰ ਰਜਿੰਦਰ ਸਿੰਘ ਵੱਲੋਂ ਨਿਭਾਈ ਗਈ। ਪੀਰ ਬਾਬਾ ਮਿੱਠੂ ਸ਼ਾਹ ਦੇ ਸਾਲਾਨਾ ਜੋੜ ਮੇਲੇ ਮੌਕੇ ਭਾਰੀ ਗਿਣਤੀ ਵਿੱਚ ਸੰਗਤਾਂ ਵੱਲੋਂ ਦਰਗਾਹ 'ਤੇ ਹਾਜ਼ਰੀ ਲਵਾ ਕੇ ਆਪਣਾ ਜੀਵਨ ਸਫਲ ਬਣਾਇਆ ਗਿਆ। ਸਾਲਾਨਾ ਜੋੜ ਮੇਲੇ ਮੌਕੇ ਪੰਜਾਬ ਦੇ ਮਸ਼ਹੂਰ ਕੱਵਾਲ ਵੱਲੋਂ ਪਹੁੰਚੀ ਸੰਗਤ ਨੂੰ ਕੱਵਾਲ ਸੁਣਾ ਕੇ ਨਿਹਾਲ ਕੀਤਾ ਗਿਆ। ਪੀਰ ਬਾਬਾ ਮਿੱਠੂ ਸ਼ਾਹ ਜੀ ਦੇ ਸਾਲਾਨਾ ਜੋੜ ਮੇਲੇ ਦਰਗਾਹ 'ਤੇ ਪਹੁੰਚੀ ਹੋਈ ਸੰਗਤ ਵਿੱਚ ਅਤੁੱਟ ਲੰਗਰ ਵਰਤਾਇਆ ਗਿਆ। ਪੀਰ ਬਾਬਾ ਮਿੱਠੂ ਸ਼ਾਹ ਜੀ ਦੇ ਸਾਲਾਨਾ ਜੋੜ ਮੇਲੇ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ, ਯੂਥ ਆਗੂ ਸੰਕਰ ਕਟਾਰੀਆ, ਸੰਦੀਪ ਠੁਕਰਾਲ, ਬੱਬੂ ਰੇਲੀਆ, ਦੀਪਕ ਖੁਰਾਣਾ, ਬੰਟੀ ਗਾਂਧੀ, ਰਜੀਵ ਠੁਕਰਾਲ ਲੱਕੀ, ਅਮਰਜੀਤ ਸਚਦੇਵਾ, ਹੀਰਾ ਸਿੰਘ, ਮਨੋਜ ਸਿਕਰੀ ਫੌਜੀ, ਸੰਦੀਪ ਸਚਦੇਵਾ, ਮੋਂਟੀ ਸਚਦੇਵਾ, ਹੀਰਾ ਖੁਰਾਣਾ, ਰੋਹਿਤ ਕਟਾਰੀਆ, ਸੌਰਵ ਅਹੂਜਾ, ਡਾ. ਰਾਜੀਵ ਅਹੂਜਾ ਸਾਬਕਾ ਐੱਮ ਸੀ, ਨਵੀਨ ਗਰੋਵਰ ਬੱਬੂ ਸਾਬਕਾ ਐੱਮ ਸੀ, ਰਛਪਾਲ ਸਿੰਘ ਸੰਧੂ ਆਦਿ ਨੇ ਹਾਜ਼ਰੀ ਲਵਾਈ।

ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਵੱਲੋਂ ਬੱਜੋਆਣਾ 'ਚ ਚੇਤਨਤਾ ਸਮਾਰੋਹ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਵੱਲੋਂ ਪੰਜਾਬ ਦੇ ਨੌਜਵਾਨਾਂ ਤੇ ਆਮ ਲੋਕਾਂ ਨੂੰ ਪੰਜਾਬ ਦੀ ਧਰਤੀ ਨਾਲ ਜੁੜਨ ਲਈ ਆਪਣੀ ਵਿਰਾਸਤੀ ਤੇ ਆਰਥਿਕ ਅਤੇ ਸਮਾਜਿਕ ਚੇਤਨਤਾ ਦੇਣ ਪਿੰਡ ਪਿੰਡ ਜਾ ਕੇ ਦੀ ਇਕ ਲੜੀ ਸ਼ੁਰੂ ਕੀਤੀ ਗਈ ਹੈ, ਜਿਸ ਨੂੰ ਲੈ ਕੇ ਪਿੰਡ ਬੱਜੋਆਣਾ ਵਿਖੇ ਪਿੰਡ ਦੇ ਅਗਾਂਹ ਵਾਧੂ ਸਮਾਜ ਸੇਵਕ ਸ਼ਖਸੀਅਤ ਨੰਬਰਦਾਰ ਯੂਨੀਅਨ ਦੇ ਬਲਾਕ ਪ੍ਰਧਾਨ ਮੇਜਰ ਸਿੰਘ ਤੇ ਉਨ੍ਹਾਂ ਦੀ ਟੀਮ ਦੇ ਸਹਿਯੋਗ ਨਾਲ ਚੇਤਨਤਾ ਸਮਾਰੋਹ ਕੀਤਾ ਗਿਆ। ਇਸ ਮੌਕੇ ਪਿੰਡ ਦੇ ਆਮ ਲੋਕਾਂ ਦੇ ਨਾਲ ਨਗਰ ਪੰਚਾਇਤ, ਮੋਹਤਬਰ ਸ਼ਖਸੀਅਤਾਂ, ਨੌਜਵਾਨ ਵਿਦਿਆਰਥੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

ਇਸ ਮੌਕੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੌਜੂਦਾ ਹਾਲਤਾਂ, ਸਿੱਖਿਆ ਤੇ ਸਮਾਜਿਕ ਢਾਂਚੇ ਦੀ ਡੂੰਘੀ ਸਮਝ ਰੱਖਣ ਵਾਲੇ ਸਮਾਜ ਸੇਵੀ ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਦੇ ਚੇਅਰਮੈਨ ਐੱਸ ਐੱਸ ਚੱਠਾ ਨੇ ਦੱਸਿਆ ਕਿ ਪੂਰੀ ਦੁਨੀਆ ਵਿ

22-April-PAGE-3.qxd 5/21/2023 10:02 PM Page 1

ਕਿਸਾਨ ਜਥੇਬੰਦੀਆਂ ਵੱਲੋਂ ਪਾਣੀਆਂ ਨੂੰ ਲੈ ਕੇ ਨਹਿਰੀ ਵਿਭਾਗ ਦੇ ਮੁੱਖ ਦਫ਼ਤਰਾਂ ਵਿਖੇ ਲੱਗਣਗੇ ਤਿੰਨ ਦਿਨਾ ਮੋਰਚੇ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਪਾਣੀਆਂ ਦੇ ਸੰਕਟ ਨੂੰ ਲੈ ਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਤੇ ਬੀ. ਕੇ. ਯੂ. ਏਕਤਾ ਆਜ਼ਾਦ ਵੱਲੋਂ ਤਾਲਮੇਲਵੇਂ ਰੂਪ ਵਿਚ ਪੰਜਾਬ ਦੇ ਨਹਿਰੀ ਵਿਭਾਗ ਦੇ ਸੱਤ ਮੁੱਖ ਦਫਤਰਾਂ ਜਿਨ੍ਹਾਂ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਜਲੰਧਰ, ਮੋਗਾ, ਫਿਰੋਜ਼ਪੁਰ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਬੀ.ਕੇ.ਯੂ. ਏਕਤਾ ਆਜ਼ਾਦ ਵੱਲੋਂ ਪਟਿਆਲਾ ਅਤੇ ਸੰਗਰੂਰ ਵਿਖੇ 29, 30 ਅਤੇ 31 ਮਈ ਨੂੰ ਧਰਨੇ ਲੱਗਣ ਜਾ ਰਹੇ ਹਨ। ਇਹ ਜਾਣਕਾਰੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਤੋਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਤੇ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਅਤੇ ਬੀ. ਕੇ. ਯੂ. ਏਕਤਾ ਆਜ਼ਾਦ ਦੇ ਸੂਬਾ ਆਗੂ ਜਸਵਿੰਦਰ ਸਿੰਘ ਲੌਂਗੋਵਾਲ ਅਤੇ ਮਨਜੀਤ ਸਿੰਘ ਨਿਆਲ ਨੇ ਸਾਂਝੇ ਰੂਪ ਵਿੱਚ ਦਿੱਤੀ।

ਉਨ੍ਹਾਂ ਕਿਹਾ ਕਿ ਅੱਜ ਦੀ ਤਰੀਕ ਵਿਚ 7.8 ਮਿਲੀਅਨ ਏਕੜ ਫੁੱਟ ਦਰਿਆਈ ਪਾਣੀ ਬਰਬਾਦ ਹੋ ਰਿਹਾ ਹੈ ਜਦਕਿ ਅੱਜ ਤੱਕ ਦੀਆਂ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਕਾਰਨ ਕਿਸਾਨ ਧਰਤੀ ਹੇਠਲਾ ਪੀਣਯੋਗ ਪਾਣੀ ਖੇਤੀ ਵਰਤੋਂ ਲਈ ਕੱਢਣ ਤੇ ਮਜਬੂਰ ਹੋਇਆ ਹੈ। ਉਨ੍ਹਾ ਕਿਹਾ ਕਿ ਪੰਜਾਬ ਦਾ ਨਹਿਰੀ ਸਿੰਚਾਈ ਹੇਠ ਰਕਬਾ ਘੱਟਿਆ ਹੈ ਜਦਕਿ ਸਾਇੰਸਦਾਨ ਧਰਤੀ ਹੇਠਲੇ ਡਿੱਗ ਰਹੇ ਪਾਣੀ ਦੇ ਪੱਧਰ ਸਬੰਧੀ ਪਿੱਛਲੇ 2-3 ਦਹਾਕਿਆਂ ਤੋਂ ਸਰਕਾਰਾਂ ਨੂੰ ਅਗਾਹ ਕਰ ਰਹੇ ਹਨ, ਪਰ ਨਵੀ ਸਰਕਾਰ ਵੱਲੋ ਵੀ ਮੀਡੀਆ ਤੇ ਐਲਾਨਾਂ ਤੋਂ ਸਿਵਾਏ ਹੁਣ ਤੱਕ ਕੋਈ ਅਜਿਹੀ ਨੀਤੀ ਨਹੀਂ ਲਿਆਂਦੀ ਗਈ ਜਿਸ ਨਾਲ ਮਸਲੇ ਦਾ ਠੋਸ ਹੱਲ ਨਿਕਲੇ। ਉਨ੍ਹਾਂ ਕਿਹਾ ਕਿ ਮੋਰਚੇ ਦੀ ਮੰਗ ਹੈ ਕਿ ਨਹਿਰੀ ਮੋਘਿਆਂ ਕੋਲ ਬੋਰ ਵੈੱਲ ਬਣਾ ਕੇ ਖੇਤੀ ਵਰਤੋਂ ਤੋਂ ਵਾਧੂ ਪਾਣੀ ਧਰਤੀ ਹੇਠ ਪਾ ਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਉਚਾ ਚੁੱਕਣ ਲਈ ਕਦਮ ਚੁੱਕੇ ਜਾਣ। ਜ਼ਮੀਨਦੋਜ਼ ਪਾਈਪ ਲਾਇਨ ਪਾ ਕੇ ਨਹਿਰੀ ਪਾਣੀ ਖੇਤਾਂ ਤੱਕ ਪੁੱਜਦਾ ਕੀਤਾ ਜਾਵੇ, ਨਹਿਰੀ ਪਾਣੀ ਦੀ ਮਾਤਰਾ ਦੁੱਗਣੀ ਕੀਤੀ ਜਾਵੇ।

ਕੈਮੀਕਲ ਵਾਲਾ ਗੰਦਾ ਪਾਣੀ ਧਰਤੀ ਹੇਠਾ ਅਤੇ ਕੁਦਰਤੀ ਜਲ ਸਰੋਤਾਂ ਵਿੱਚ ਪਾ ਕੇ ਪਾਣੀ ਪ੍ਰਦੂਸ਼ਣ ਕਰ ਰਹੀਆਂ ਸਾਰੀਆਂ ਫੈਕਟਰੀਆਂ ਖਿਲਾਫ ਮਿਸਾਲੀ ਕਾਰਵਾਈ ਕੀਤੀ ਜਾਵੇ। ਦੇਸ਼ ਅਤੇ ਪੰਜਾਬ ਦੇ ਪਾਣੀਆਂ ਤੇ ਸੰਸਾਰ ਬੈਂਕ ਦਾ ਕਬਜ਼ਾ ਕਰਵਾਉਣ ਵਾਲੀਆਂ ਨੀਤੀਆਂ ਵਾਪਿਸ ਲਾਈਆਂ ਜਾਣ ਅਤੇ ਪੇਂਡੂ ਜਲ ਸਪਲਾਈ ਸਿਸਟਮ ਨੂੰ ਮੁੜ ਬਹਾਲ ਕੀਤਾ ਜਾਵੇ। ਪਾਣੀ ਬਚਾਉਣ ਦੇ ਚਲਦੇ ਝੋਨੇ ਹੇਠ ਰਕਬਾ ਘੱਟ ਕਰਵਾਉਣ ਲਈ ਸਬਜ਼ੀਆਂ, ਤੇਲ ਬੀਜ, ਦਾਲਾਂ ਅਤੇ ਮੱਕੀ ਆਦਿ ਘੱਟ ਪਾਣੀ ਲੈਣ ਵਾਲੀਆਂ ਫਸਲਾ ਤੇ ਐੱਮ. ਐੱਸ. ਪੀ. ਤੇ ਖਰੀਦ ਦੀ ਗਰੰਟੀ ਦਿੱਤੀ ਜਾਵੇ। ਉਨ੍ਹਾ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਮੋਟਰਾਂ ਦੀ ਵਰਤੋਂ ਘੱਟ ਕਰਕੇ ਝੋਨੇ ਦੀ ਫਸਲ ਲਈ ਨਹਿਰੀ ਪਾਣੀ ਦੀ ਵੱਧ ਵਰਤੋਂ ਕੀਤੀ ਜਾਵੇ। 22 ਮਈ ਨੂੰ ਪੰਜਾਬ ਭਰ ਦੇ ਨਹਿਰੀ ਵਿਭਾਗ ਦੇ ਮੁੱਖ ਦਫਤਰਾਂ ਨੂੰ ਧਰਨੇ ਦੀਆਂ ਮੰਗਾਂ ਸਬੰਧੀ ਮੰਗ ਪੱਤਰ ਦਿੱਤੇ ਜਾਣਗੇ।

ਅਗਰ ਸਰਕਾਰ ਅਤੇ ਪ੍ਰਸ਼ਾਸ਼ਨ ਮੋਰਚੇ ਦੀਆਂ ਮੰਗਾਂ ਤੇ ਟੇਬਲ ਟਾਕ ਨਾਲ ਹੱਲ ਵੱਲ ਨਹੀਂ ਵਧਦਾ ਤਾਂ ਤੀਜੇ ਦਿਨ ਸਬੰਧਿਤ ਅਫਸਰਾਂ ਦੇ ਦਫਤਰਾਂ ਦੇ ਘੇਰਾਓ ਕੀਤੇ ਜਾਣਗੇ।

ਇੰਡੋਨੇਸ਼ੀਆ 'ਚ ਫਾਂਸੀ ਦੀ ਸਜ਼ਾ ਪ੍ਰਾਪਤ ਨੌਜਵਾਨਾਂ ਦੀ ਹਰ ਸੰਭਵ ਮਦਦ ਕਰਾਂਗੇ : ਧਾਲੀਵਾਲ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)

ਪਿੰਡ ਗੋਗੋਮਾਹਲ ਦੇ ਦੋ ਨੌਜਵਾਨ, ਜੋ ਕਿ ਕਿਸੇ ਠੱਗ ਟਰੈਵਲ ਏਜੰਟ ਦੇ ਭਰੋਸੇ ਵਿਚ ਆ ਕੇ ਇੰਡੋਨੇਸ਼ੀਆ ਵਿਖੇ ਫਸ ਗਏ ਅਤੇ ਉਥੇ ਕਤਲ ਕੇਸ ਦੇ ਇਲਜ਼ਾਮ ਵਿਚ ਸਰਕਾਰ ਨੇ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਦੇਣ ਦਾ ਐਲਾਨ ਕਰ ਦਿੱਤਾ ਹੈ, ਦੇ ਪਰਿਵਾਰ ਕੋਲ ਪਹੁੰਚੇ ਐਨ. ਆਰ. ਆਈ. ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਤੁਹਾਡੇ ਨੌਜਵਾਨਾਂ ਨੂੰ ਵਤਨ ਵਾਪਸ ਲਿਆਉਣ ਲਈ ਪੂਰੀ ਕਾਨੂੰਨੀ ਵਾਹ ਲਗਾਏਗੀ। ਉਨ੍ਹਾਂ ਦੱਸਿਆ ਕਿ ਅੱਜ ਸਵੇਰ ਤੋਂ ਹੀ ਇਸ ਮਾਮਲੇ ਦੇ ਪ੍ਰਿੰਸੀਪਲ ਸੈਕਟਰੀ ਜੇ. ਐਮ. ਬਾਲਾਮੁਰਗਨ (ਆਈਏਐੱਸ) ਇਸ ਮਾਮਲੇ ਉਤੇ ਇੰਡੋਨੇਸ਼ੀਆ ਦੂਤ ਨਾਲ ਸੰਪਰਕ ਕਰ ਰਹੇ ਹਨ ਅਤੇ ਸਾਡੀ ਕੋਸ਼ਿਸ਼ ਹੋਵੇਗੀ ਕਿ ਹਰ ਤਰਾਂ ਦੀ ਕਾਨੂੰਨੀ ਸਹਾਇਤਾ ਲੈ ਕੇ ਇਨ੍ਹਾਂ ਨੌਜਵਾਨਾਂ ਨੂੰ ਵਾਪਸ ਵਤਨ ਲਿਆਂਦਾ ਜਾਵੇ। ਸ. ਧਾਲੀਵਾਲ ਨੇ ਕਿਹਾ ਕਿ ਇਸ ਦੇ ਨਾਲ ਹੀ ਠੱਗ ਟਰੈਵਲ ਏਜੰਟਾਂ ਜਿਨ੍ਹਾਂ ਦੀਆਂ ਮੋਮੋਠੱਗਣੀਆਂ ਗੱਲਾਂ ਵਿਚ ਆ ਕੇ ਇਹ ਨੌਜਵਾਨ ਇੰਡੋਨੇਸ਼ੀਆ ਵਿਚ ਫਸੇ ਸਨ, ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਉਨਾਂ ਕਿਹਾ ਕਿ ਪੰਜਾਬ ਦੇ ਜਿਹੜੇ ਵੀ ਏਜੰਟ ਅਜਿਹਾ ਮਨੁੱਖੀ ਤਸਕਰੀ ਦਾ ਧੰਦਾ ਕਰਦੇ ਹਨ, ਵਿਰੁੱਧ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਸ. ਧਾਲੀਵਾਲ ਨੇ ਕਿਹਾ ਕਿ ਪੰਜਾਬ ਉਤੇ 75 ਸਾਲ ਦੇ ਕਰੀਬ ਰਾਜ ਕਰ ਚੁੱਕੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਸਾਡੇ ਨੌਜਵਾਨ ਪਰੇਸ਼ਾਨੀ ਦੇ ਆਲਮ ਵਿਚ ਵਿਦੇਸ਼ ਜਾਣ

ਲਈ ਹਰ ਹੀਲੇ ਵਰਤਦੇ ਹਨ ਅਤੇ ਉਨ੍ਹਾਂ ਦਾ ਲਾਹਾ ਅਜਿਹੇ ਠੱਗ ਟਰੈਵਲ ਏਜੰਟ ਚੁੱਕ ਲੈਂਦੇ ਹਨ, ਜਿਨ੍ਹਾਂ ਤੋਂ ਬਚਣ ਦੀ ਲੋੜ ਹੈ। ਉਨ੍ਹਾਂ ਨੌਜਵਾਨਾਂ ਨੂੰ ਭਰੋਸਾ ਦਿੱਤਾ ਕਿ ਹੁਣ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਤੁਸੀਂ ਸਾਨੂੰ ਥੋੜਾ ਸਮਾਂ ਦਿਉ, ਅਸੀਂ ਤਹਾਨੂੰ ਗਲਤ ਢੰਗ ਤਰੀਕੇ ਨਾਲ ਲੱਖਾਂ ਰੁਪਏ ਫੂਕ ਕੇ ਬਾਹਰ ਜਾਣ ਦਾ ਮੌਕਾ ਨਹੀਂ ਦਿਆਂਗੇ। ਦੱਸਣਯੋਗ ਹੈ ਕਿ ਗੱਗੋਮਾਹਲ ਦੇ ਜੋ ਦੋ ਨੌਜਵਾਨ ਇੰਡੋਨੇਸ਼ੀਆ ਦੀ ਜੇਲ੍ਹ ਵਿਚ ਫਸੇ ਹਨ, ਦੋਵੇਂ ਇਕੋ ਪਰਿਵਾਰ ਦੇ ਹਨ।

ਸੜਕ ਉੱਬੜ-ਖਾਬੜ ਹੋਣ ਕਾਰਨ ਰਾਹਗੀਰ ਡਾਢੇ ਪ੍ਰੇਸ਼ਾਨ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ-ਬਟਾਲਾ ਰੋਡ ਸਥਿਤ ਬਬਰੀ ਬਾਈਪਾਸ ਤੋਂ ਥੋੜੀ ਦੂਰ ਅੱਗੇ ਪੈਂਦੇ ਸਿਮਰਨ ਹਸਪਤਾਲ ਤੋਂ ਸਿਵਲ ਹਸਪਤਾਲ ਗੁਰਦਾਸਪੁਰ ਵਾਇਆ ਛੀਨਾ ਲੈਬਾਰਟਰੀ ਨੂੰ ਜਾਂਦੀ ਲਿੰਕ ਸੜਕ ਉਪਰ ਜਗ੍ਹਾ-ਜਗ੍ਹਾ ਡੂੰਘੇ-ਡੂੰਘੇ ਟੋਏ ਪੈਣ ਅਤੇ ਕਈ ਜਗ੍ਹਾ ਤੋਂ ਸੜਕ ਉੱਬੜ-ਖ਼ਾਬੜ ਹੋਣ ਕਾਰਨ ਇਸ ਸੜਕ ਤੋਂ ਲੰਘਣਾ ਕਾਫ਼ੀ ਮੁਸ਼ਕਿਲ ਹੋਇਆ ਪਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀਆਂ ਅਕਾਸ਼ਦੀਪ ਸਿੰਘ, ਸੋਨੂੰ, ਰੋਹਿਤ, ਸੰਨ੍ਹੀ, ਮੋਨੂੰ ਤੇ ਸੁਧੀਰ ਆਦਿ ਨੇ ਦੱਸਿਆ ਕਿ ਜਦੋਂ ਦੀ ਇਹ ਕਾਲੋਨੀ ਬਣੀ ਹੈ, ਉਦੋਂ ਤੋਂ ਹੀ ਇਸ ਸੜਕ ਦੀ ਹਾਲਤ ਕਾਫ਼ੀ ਮਾੜੀ ਬਣੀ ਹੋਈ ਹੈ। ਉਨ੍ਹਾਂ ਦੱਸਿਆ ਕਿ ਸਿਵਲ ਹਸਪਤਾਲ ਤੋਂ ਜਾਣ ਵਾਸਤੇ ਛੋਟਾ ਰਸਤਾ ਹੋਣ ਕਾਰਨ ਆਮ ਸਕੂਟਰ ਸਵਾਰ ਲੋਕਾਂ ਆਦਿ ਦਾ ਇਸ ਸੜਕ ਰਾਹੀਂ ਕਾਫ਼ੀ ਆਉਣਾ ਜਾਣਾ ਬਣਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਵਰਖਾ ਦੇ ਦਿਨਾਂ ਵਿਚ ਇਥੇ ਪਏ ਟੋਇਆਂ ਵਿਚ ਪਾਣੀ ਭਰ ਜਾਣ ਕਾਰਨ ਅਕਸਰ ਸਕੂਟਰ ਸਵਾਰ ਪਲਟ ਜਾਂਦੇ ਹਨ ਅਤੇ ਸੱਟਾਂ ਆਦਿ ਵੀ ਲਗਵਾ ਬੈਠਦੇ ਹਨ। ਉਨਾਂ ਦੱਸਿਆ ਕਿ ਇਸ ਸੜਕ ਦੀ ਖਸਤਾ ਹਾਲਤ ਬਾਰੇ ਪਹਿਲਾਂ ਵੀ ਪ੍ਰਸ਼ਾਸਨ ਪਾਸ ਬੇਨਤੀਆਂ ਅਤੇ ਅਖ਼ਬਾਰਾਂ ਰਾਹੀਂ ਆਪਣੀ ਤਕਲੀਫ ਜ਼ਾਹਿਰ ਕਰ ਚੁੱਕੇ ਹਾਂ, ਪਰ ਅਜੇ ਤੱਕ ਕੋਈ ਵੀ ਅਸਰ ਨਹੀਂ ਹੋਇਆ। ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਹੈ ਕਿ ਸਿਮਰਨ ਹਸਪਤਾਲ ਤੋਂ ਵਾਇਆ ਛੀਨਾ ਲੈਬਾਰਟਰੀ ਵਾਲੀ ਲਿੰਕ ਸੜਕ ਦੀ ਮੁਰੰਮਤ ਕਰਵਾਈ ਜਾਵੇ।

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਵੱਲੋਂ ਮੀਟਿੰਗ ਆਯੋਜਿਤ

ਬਟਾਲਾ (ਤਰਲੋਕ ਬੱਗਾ)-ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਦੀ ਇੱਕ ਜ਼ਰੂਰੀ ਮੀਟਿੰਗ ਗੁਰਦੁਆਰਾ ਰਾਮਗੜ੍ਹੀਆ ਕਾਹਨੂੰਵਾਨ ਰੋਡ ਬਟਾਲਾ ਵਿਖੇ ਹੋਈ, ਜਿਸ ਵਿੱਚ ਫਾਊਂਡੇਸ਼ਨ ਦੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ, ਫਾਊਂਡੇਸ਼ਨ ਦੇ ਸਰਪ੍ਰਸਤ ਗੁਰਦਰਸ਼ਨ ਸਿੰਘ ਨੇ ਇਸ ਮੌਕੇ ਫਾਊਂਡੇਸ਼ਨ ਵੱਲੋਂ ਪਿਛਲੇ ਸਮੇਂ ਵਿੱਚ ਕੀਤੇ ਕਾਰਜਾਂ ਅਤੇ ਭਵਿੱਖੀ ਕਾਰਜਾਂ ਦਾ ਬਿਓਰਾ ਫਾਊਂਡੇਸ਼ਨ ਮੈਂਬਰਾਂ ਸਾਹਮਣੇ ਰੱਖਿਆ, ਜਿਸ 'ਤੇ ਸਮੂਹ ਮੈਂਬਰਾਂ ਨੇ ਪਿਛਲੇ ਸਮੇਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਸ਼ਤਾਬਦੀ ਤੇ ਹੋਰ ਸਮਾਗਮਾਂ ਪ੍ਰਤੀ ਸੰਤੁਸ਼ਟੀ ਪ੍ਰਗਟਾਈ ਤੇ ਅਗਾਂਹ ਹੋਰ ਵੀ ਵੱਧ ਸਹਿਯੋਗ ਦਾ ਭਰੋਸਾ ਦਿੱਤਾ। ਮੀਟਿੰਗ ਵਿੱਚ ਭੁਪਿੰਦਰ ਸਿੰਘ ਪ੍ਰਿੰਸ ਸ਼ਹਿਰੀ ਪ੍ਰਧਾਨ ਨੇ ਬਟਾਲੇ ਵਿੱਚ ਫਾਊਂਡੇਸ਼ਨ ਦਾ ਦਫਤਰ ਖੋਲ੍ਹਣ ਅਤੇ ਜਥੇਬੰਦੀ ਦਾ ਵਿਸਥਾਰ ਵਾਰਡ ਪੱਧਰ ਤੱਕ ਕਰਨ ਦਾ ਮਤਾ ਪੇਸ਼ ਕੀਤਾ ਜਿਸ ਨੂੰ ਹਾਜ਼ਰ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨ ਕਰ ਲਿਆ ਤੇ ਫੈਸਲਾ ਕੀਤਾ ਗਿਆ ਕਿ ਬਟਾਲੇ ਵਿੱਚ ਫਾਊਂਡੇਸ਼ਨ ਦਾ ਇੱਕ ਦਫਤਰ ਖੋਲ੍ਹ ਕੇ ਸਮਾਜ ਭਲਾਈ ਕਾਰਜ ਆਰੰਭ ਕੀਤੇ ਜਾਣਗੇ। ਜਥੇਬੰਦੀ ਦੇ ਵਿਸਥਾਰ ਲਈ ਰਣਧੀਰ ਸਿੰਘ, ਉਂਕਾਰ ਸਿੰਘ, ਗੁਰਮੀਤ ਸਿੰਘ, ਜਤਿੰਦਰ ਸਿੰਘ, ਮਾਸਟਰ ਗੁਰਮੀਤ ਸਿੰਘ ਆਦਿ ਆਗੂਆਂ ਦੀ ਡਿਊਟੀ ਲਗਾਈ ਗਈ ਜੋ ਸਾਰੇ ਮੈਂਬਰਾਂ ਦੀ ਸਲਾਹ ਨਾਲ ਜਥੇਬੰਦੀ ਵਿੱਚ ਵਾਰਡ ਪੱਧਰ 'ਤੇ ਨਿਯੁਕਤੀਆਂ ਕਰਨਗੇ।

ਦੁਕਾਨ 'ਚ ਅੱਗ ਲੱਗਣ ਨਾਲ ਲੱਖਾਂ ਦਾ ਸਾਮਾਨ ਸੜਿਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸ਼ਹਿਰ ਧਾਰੀਵਾਲ ਦੇ ਬਟਾਲਾ ਰੋਡ ਕਿਨਾਰੇ ਸਥਿਤ ਐੱਨ. ਆਰ. ਮੋਟਰ ਗੈਰੇਜ ਵਿੱਚ ਲੰਘੀ ਰਾਤ ਅਚਾਨਕ ਲੱਗੀ ਅੱਗ ਨਾਲ ਲੱਖਾਂ ਰੁਪਏ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ। ਦੁਕਾਨ ਦੇ ਮਾਲਕ ਰਜਿੰਦਰ ਕੁਮਾਰ ਵਾਸੀ ਧਾਰੀਵਾਲ ਨੇ ਦੱਸਿਆ ਉਹ ਰੋਜ਼ਾਨਾ ਦੀ ਤਰ੍ਹਾਂ ਬੀਤੀ ਦੇਰ ਸ਼ਾਮ ਨੂੰ ਦੁਕਾਨ ਬੰਦ ਕਰਕੇ ਆਪਣੇ ਘਰ ਚਲਾ ਗਿਆ। ਦੁਕਾਨ ਨੇੜਲੇ ਇਕ ਗੁਆਂਢੀ ਨੇ ਸਵੇਰੇ ਸੁਵੱਖਤੇ ਫੋਨ ਕਰਕੇ ਦੱਸਿਆ ਕਿ ਤੇਰੀ ਦੁਕਾਨ ਵਿੱਚ ਅੱਗ ਲੱਗੀ ਹੋਈ ਹੈ ਅਤੇ ਵਿੱਚੋਂ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਹਨ। ਉਸ ਨੇ ਮੌਕੇ ਤੇ ਪਹੁੰਚ ਕੇ ਆਸ ਪਾਸ ਦੇ ਲੋਕਾਂ ਦੀ ਮਦਦ ਨਾਲ ਅੱਗ 'ਤੇ ਕਾਬੂ ਪਾਇਆ ਪਰ ਦੁਕਾਨ ਅੰਦਰ ਪਿਆ ਕੀਮਤੀ ਸਪੇਅਰ ਪਾਰਟ, ਟੂਲ ਕਿੱਟਾਂ ਤੇ ਗਾਹਕਾਂ ਦਾ ਰਿਪੇਅਰ ਕਰਨ ਵਾਲਾ ਸਾਰਾ ਸਾਮਾਨ ਸੜ ਕੇ ਸੁਆਹ ਹੋ ਗਿਆ। ਪੀੜਤ ਦੁਕਾਨਦਾਰ ਨੇ ਦੱਸਿਆ ਕਿ ਉਸਦਾ ਕਰੀਬ 7 ਲੱਖ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਇਸ ਸਬੰਧੀ ਥਾਣਾ ਧਾਰੀਵਾਲ ਦੀ ਪੁਲਸ ਨੂੰ ਲਿਖਤੀ ਤੌਰ 'ਦੇ ਸੂਚਨਾ ਦੇ ਦਿੱਤੀ ਹੈ।

ਪੰਜਵੜ ਕਲਾਂ ਵਿਖੇ ਧੰਨ-ਧੰਨ ਬਾਬਾ ਲੱਖ ਦਾਤਾ ਪੀਰ ਦਾ ਸਾਲਾਨਾ ਜੋੜ ਮੇਲਾ ਮਨਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਪਿੰਡ ਪੰਜਵੜ ਕਲਾਂ ਵਿਖੇ ਦਰਬਾਰ ਲੱਖ ਦਾਤਾ ਦੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਨੇ ਦੱਸਿਆ ਕਿ ਧੰਨ-ਧੰਨ ਬਾਬਾ ਲੱਖ ਦਾਤਾ ਪੀਰ ਜੀ ਦਾ ਸਾਲਾਨਾ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਗਰ ਅਤੇ ਇਲਾਕੇ ਦੇ ਸਹਿਯੋਗ ਨਾਲ ਬੜੀ ਧੂਮਧਾਮ ਨਾਲ ਮਨਾਇਆ ਗਿਆ ਹੈ। ਲੱਖ ਦਾਤਾ ਪੀਰ ਦੇ ਦਰਬਾਰ ਤੇ ਸਵੇਰੇ ਬਾਬਾ ਜੀ ਦੇ ਦਰਗਾਹ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਮੰਨਤਾਂ ਮੰਨਣ ਵਾਲੇ ਸ਼ਰਧਾਲੂਆਂ ਦਾ ਆਉਣਾ ਜਾਣਾ ਲੱਗਾ ਰਿਹਾ ਤੇ ਸੰਗਤਾਂ ਦੀਆਂ ਢੋਲ ਢਮੱਕਿਆਂ ਨਾਲ ਰੌਣਕਾਂ ਲੱਗੀਆਂ ਰਹੀਆਂ। ਦੁਪਹਿਰ ਤੋਂ ਬਾਅਦ ਰੰਗਾਰੰਗ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਗਿੱਧਾ, ਭੰਗੜਾ, ਕਮੇਡੀ ਤੇ ਸੱਭਿਆਚਾਰਕ ਗੀਤਾਂ ਰਾਹੀਂ ਦਾ ਮਨੋਰੰਜਨ ਕੀਤਾ ਤੇ ਸੰਗਤਾਂ ਦੇ ਭਾਰੀ ਇਕੱਠ ਨੇ ਮੇਲੇ ਦੀਆਂ ਰੌਣਕਾਂ ਨੂੰ ਖ਼ੂਬ ਵਧਾਇਆਂ। ਸ਼ਾਮ ਦੇ ਟਾਈਮ ਨਾਮਵਰ ਟੀਮਾਂ ਦਰਮਿਆਨ ਕਬੱਡੀ ਟੂਰਨਾਮੈਂਟ ਕਰਵਾਇਆਂ ਗਿਆ ਅਤੇ ਜਿੱਤਣ ਵਾਲੀਆਂ ਟੀਮਾਂ ਨੂੰ ਨਗਦ ਇਨਾਮ ਵੀ ਦਿੱਤੇ ਗਏ। ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਨੇ ਦੂਰੋਂ ਨੇੜਿਉਂ ਪਹੁੰਚੀ ਸੰਗਤ ਦਾ ਧੰਨਵਾਦ ਕੀਤਾ ਤੇ ਜੀ ਆਇਆਂ ਆਖਿਆ, ਗੁਰੂ ਦੇ

ਲੰਗਰ, ਚਾਹ-ਪਕੌੜੇ ਅਤੇ ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਚੱਲਦੀਆਂ ਰਹੀਆਂ। ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਤੋਂ ਇਲਾਵਾਂ ਮਨਦੀਪ ਸਿੰਘ ਮਾਹਲਾ, ਕਸ਼ਮੀਰ ਸਿੰਘ, ਜੱਗਾ ਝਬਾਲ, ਜਗਜੀਤ ਸਿੰਘ, ਗੋਬਿੰਦਾ, ਬਲਵਿੰਦਰ ਸਿੰਘ, ਮੈਂਬਰ ਨਰਿੰਦਰ ਸਿੰਘ, ਗੁਰਜੀਤ ਸਿੰਘ ਪੰਜਵੜ ਕਲਾਂ,

22-May-PAGE-4.qxd 5/21/2023 10:16 PM Page 1

ਨਵਾਂ ਜ਼ਮਾਨਾ
ਸੋਮਵਾਰ, 22 ਮਈ 2023

ਬੇਂਗਲੁਰੂ ਦਾ ਸੁਨੇਹਾ

ਕਰਨਾਟਕ 'ਚ ਕਾਂਗਰਸ ਦੇ ਨਵੇਂ ਮੰਤਰੀਆਂ ਦਾ ਸਹੁੰ ਚੁੱਕ ਸਮਾਗਮ ਆਪੋਜ਼ੀਸ਼ਨ ਏਕਤਾ ਦੇ ਮੁਜ਼ਾਹਰੇ ਦਾ ਮੰਚ ਬਣ ਗਿਆ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਸੱਦੇ 'ਤੇ ਕਈ ਰਾਜਾਂ ਦੇ ਮੁੱਖ ਮੰਤਰੀ ਤੇ ਆਪੋਜ਼ੀਸ਼ਨ ਆਗੂ ਸ਼ਨੀਵਾਰ ਬੇਂਗਲੁਰੂ ਪੁੱਜੇ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਬਸਪਾ ਪ੍ਰਧਾਨ ਮਾਇਆਵਤੀ ਨੂੰ ਸੱਦਿਆ ਨਹੀਂ ਗਿਆ ਸੀ। ਕਾਂਗਰਸ ਇਸ ਮੌਕੇ ਦੀ ਵਰਤੋਂ 2024 ਦੀਆਂ ਲੋਕ ਸਭਾ ਚੋਣਾਂ ਲਈ ਵੀ ਕਰਨਾ ਚਾਹੁੰਦੀ ਸੀ। ਕਰਨਾਟਕ ਵਿਚ ਭਾਜਪਾ ਨੂੰ ਬੁਰੀ ਤਰ੍ਹਾਂ ਹਰਾਉਣ ਤੋਂ ਬਾਅਦ ਕਾਂਗਰਸ ਚਾਹੁੰਦੀ ਸੀ ਕਿ ਲੋਕਾਂ ਨੂੰ ਆਪੋਜ਼ੀਸ਼ਨ ਏਕਤਾ ਦਾ ਇਕ ਸਪੱਸ਼ਟ ਸੁਨੇਹਾ ਦੇਣਾ ਜ਼ਰੂਰੀ ਹੈ। ਭਾਜਪਾ ਨੇ ਕਰਨਾਟਕ ਚੋਣਾਂ ਨੂੰ ਇਕ ਤਰ੍ਹਾਂ ਨਾਲ 2024 ਦੀਆਂ ਲੋਕ ਸਭਾ ਚੋਣਾਂ ਦੇ ਹਿਸਾਬ ਨਾਲ ਪਲਾਨ ਕੀਤਾ ਸੀ, ਪਰ ਹੁਣ ਆਪੋਜ਼ੀਸ਼ਨ ਪਾਰਟੀਆਂ ਬੇਂਗਲੁਰੂ ਦੇ ਸਮਾਗਮ ਤੋਂ ਬਾਅਦ 2024 ਲਈ ਪੂਰੀ ਤਿਆਰੀ ਫੜ ਲੈਣਗੀਆਂ। ਭਾਜਪਾ ਨਾਲ ਟੱਕਰ ਲੈਣ ਲਈ ਤਿਆਰ ਤਕਰੀਬਨ ਸਾਰੀਆਂ ਪਾਰਟੀਆਂ ਦੇ ਵੱਡੇ ਆਗੂ ਸਹੁੰ ਚੁੱਕ ਸਮਾਗਮ ਵਿਚ ਪੁੱਜੇ। ਇਨ੍ਹਾਂ ਵਿਚ ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ, ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਰਾਜਦ ਦੇ ਵੱਡੇ ਆਗੂ ਤੇਜਸਵੀ ਯਾਦਵ, ਐੱਨ ਸੀ ਪੀ ਪ੍ਰਧਾਨ ਸ਼ਰਦ ਪਵਾਰ, ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਡੀ ਰਾਜਾ, ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ, ਪੁੱਡੂਚੇਰੀ ਦੇ ਮੁੱਖ ਮੰਤਰੀ ਐੱਨ ਰੰਗਾਸਵਾਮੀ, ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਤੇ ਨੈਸ਼ਨਲ ਕਾਨਫਰੰਸ ਦੇ ਆਗੂ ਫਾਰੂਕ ਅਬਦੁੱਲਾ ਤੇ ਪੀ ਡੀ ਪੀ ਆਗੂ ਮਹਿਬੂਬਾ ਮੁਫ਼ਤੀ ਖਾਸ ਤੌਰ 'ਤੇ ਵਰਨਣਯੋਗ ਹਨ। ਇਨ੍ਹਾਂ ਆਗੂਆਂ ਵੱਲੋਂ ਪ੍ਰਗਟਾਈ ਗਈ ਇਕਜੁਟਤਾ ਦਾ ਸੁਨੇਹਾ ਸਪੱਸ਼ਟ ਹੈ। ਤ੍ਰਿਣਮੂਲ ਕਾਂਗਰਸ, ਜਿਹੜੀ ਕਾਂਗਰਸ ਨੂੰ ਪਸੰਦ ਨਹੀਂ ਕਰ ਰਹੀ ਸੀ, ਵੀ ਹੁਣ ਕਾਂਗਰਸ ਵੱਲ ਝੁਕਦੀ ਨਜ਼ਰ ਆ ਰਹੀ ਹੈ। ਮਮਤਾ ਬੈਨਰਜੀ ਖੁਦ ਤਾਂ ਨਹੀਂ ਪੁੱਜੀ, ਪਰ ਉਨ੍ਹਾ ਆਪਣੇ ਨੁਮਾਇੰਦੇ ਨੂੰ ਭੇਜਿਆ। ਸਮਾਜਵਾਦੀ ਪਾਰਟੀ ਦੇ ਅਖਿਲੇਸ਼ ਯਾਦਵ ਤੇ ਸ਼ਿਵ ਸੈਨਾ ਦੇ ਊਧਵ ਠਾਕਰੇ ਖੁਦ ਨਹੀਂ ਆਏ, ਪਰ ਉਨ੍ਹਾਂ ਆਪਣਾ ਨੁਮਾਇੰਦਾ ਭੇਜ ਕੇ ਪਾਰਟੀ ਦੀ ਹਾਜ਼ਰੀ ਲੁਆਈ। ਨਿਤੀਸ਼ ਨੇ ਜਿਹੜੀ ਗੱਲ ਬਹੁਤ ਪਹਿਲਾਂ ਕਹੀ ਸੀ, ਉਹ ਸੱਚ ਸਾਬਤ ਹੋ ਰਹੀ ਹੈ। ਉਨ੍ਹਾ ਕਿਹਾ ਸੀ ਕਿ ਕਾਂਗਰਸ ਦੇ ਬਿਨਾਂ ਆਪੋਜ਼ੀਸ਼ਨ ਏਕਤਾ ਨਹੀਂ ਹੋ ਸਕਦੀ। ਹੁਣ 2024 ਦੀ ਤਸਵੀਰ ਸਾਫ ਹੋ ਰਹੀ ਹੈ। ਬਿਹਾਰ ਵਿਚ ਛੇਤੀ ਹੀ ਹੋਣ ਵਾਲੀ ਆਪੋਜ਼ੀਸ਼ਨ ਪਾਰਟੀਆਂ ਦੀ ਰੈਲੀ ਤਸਵੀਰ ਨੂੰ ਹੋਰ ਵੀ ਸਾਫ ਕਰੇਗੀ। ਕਾਂਗਰਸ ਬਹੁਤ ਪਹਿਲਾਂ ਹੀ ਕਹਿ ਚੁੱਕੀ ਹੈ ਕਿ ਉਹ ਆਪੋਜ਼ੀਸ਼ਨ ਏਕਤਾ ਲਈ ਕਿਸੇ ਵੀ ਕੋਸ਼ਿਸ਼ ਨੂੰ ਨਹੀਂ ਛੱਡੇਗੀ। ਹੁਣ ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਮੋਦੀ ਦੀ ਤਾਨਾਸ਼ਾਹੀ ਨੂੰ ਹਰਾਉਣ ਲਈ ਕਾਂਗਰਸ ਤੇ ਉਸ ਦੀਆਂ ਹਮਖਿਆਲ ਪਾਰਟੀਆਂ ਸੀਟਾਂ ਦੀ ਵੰਡ ਆਮ ਸਹਿਮਤੀ ਨਾਲ ਕਿੰਨੀ ਛੇਤੀ ਕਰਦੀਆਂ ਹਨ। ਮੋਦੀ ਤੇ ਸ਼ਾਹ ਦੀ ਜੋੜੀ ਤਾਂ ਹਰ ਵੇਲੇ ਚੋਣ ਵਾਲੇ ਰੌਂਅ ਵਿਚ ਰਹਿੰਦੀ ਹੈ। ਆਪੋਜ਼ੀਸ਼ਨ ਨੂੰ ਵੀ ਛੇਤੀ ਤੋਂ ਛੇਤੀ ਸਾਂਝੀ ਮੁਹਿੰਮ ਦਾ ਆਗਾਜ਼ ਕਰਨਾ ਪੈਣਾ।

ਨਾਟਕ ਕਰਨਾਟਕਾ 'ਚ

ਗਾਈ 'ਰਾਗਣੀ' ਵੰਡੀਆਂ ਪਾਉਣ ਵਾਲੀ,
ਸੱਤਾ ਵਾਸਤੇ 'ਸੁਪਨਾ' ਜੋ ਪਾਲਿਆ ਸੀ।
ਬੇਰੁਜ਼ਗਾਰੀ, ਮਹਿੰਗਾਈ, ਵਿਕਾਸ ਦੇ ਜੋ,
ਅਸਲ ਮੁੱਦਿਆਂ ਤਾਈਂ ਵੀ ਟਾਲਿਆ ਸੀ।
'ਉੱਤਰ' ਵਾਗ ਹੀ 'ਦੱਖਣ' ਦੇ ਵਿੱਚ ਜਾ ਕੇ,
ਡਬਲ ਇੰਜਣ ਦਾ ਸੋਸ਼ਾ ਦਿਖਾਲਿਆ ਸੀ।
ਮਘਣ ਦਿੱਤੀ 'ਚਿੰਗਾੜੀ' ਨਹੀਂ ਵੋਟਰਾਂ ਨੇ,
ਭੈੜੀ ਨ.ਫ਼ਰਤ ਦੀ ਅੱਗ ਨੂੰ ਬਾਲਿਆ ਸੀ।
ਵੋਟਾਂ ਲੈਣ ਲਈ 'ਜੈ ਬਜਰੰਗ' ਕਹਿੰਦੇ,
ਚੰਗੇ ਸਮਝੇ ਨਾ 'ਰਾਮ ਦੀ ਵਾਟਕਾ' ਨੇ।
ਪਾਟੋ-ਧਾੜ ਦੇ 'ਨਾਟਕ' ਨਹੀਂ ਦੇਖਣੇ ਜੀ,
ਦੇ 'ਤਾ 'ਕਰਾਰਾ' ਜਵਾਬ ਕਰਨਾਟਕਾ ਨੇ।

-ਤਰਲੋਚਨ ਸਿੰਘ ਦੁਪਾਲਪੁਰ, 001-408-915-1268

ਜੈਵ-ਵਿਭਿੰਨਤਾ ਹੀ ਮਨੁੱਖੀ ਹੋਂਦ ਦੀ ਜ਼ਾਮਨੀ

ਵਿਜੈ ਬੰਬੇਲੀ

ਜੈਵਿਕ-ਵੰਨਸੁਵੰਨਤਾ,ਧਰਤੀ ਉੱਤੇ ਜੀਵਨ ਦੇ ਆਧਾਰ ਦਾ ਵਿਗਿਆਨਕ ਸਰੋਤ ਹੈ। ਵਿਭਿੰਨ ਪੌਦੇ ਤੇ ਜੀਵ ਸਾਨੂੰ ਬਹੁ-ਪਰਤੀ ਜ਼ਰੂਰੀ ਸੇਵਾਵਾਂ ਅਤੇ ਸਾਂਵਾ ਜੀਵਨ ਪ੍ਰਦਾਨ ਕਰਦੇ ਹਨ। ਪੌਦਿਆਂ, ਜੀਵਾਂ, ਵਾਤਾਵਰਣ, ਕੁਦਰਤੀ ਸੋਮਿਆਂ ਅਤੇ ਮਨੁੱਖੀ ਗਤੀਵਿਧੀਆਂ ਦਾ ਪ੍ਰਸਪਰ ਸੰਬੰਧ ਹੈ। ਇਹੀ ਉਹ ਕੜੀ ਹੈ, ਜਿਹੜੀ ਅਸੀਂ ਬੁੱਝ ਨਹੀਂ ਰਹੇ। ਸਿੱਟੇ ਵਜੋਂ ਪੌਦਿਆਂ ਅਤੇ ਜੀਵਾਂ ਦੀਆਂ ਅਨੇਕਾਂ ਕਿਸਮਾਂ ਲੁਪਤ ਹੋ ਗਈਆਂ ਹਨ ਜਾਂ ਛੁਪਣ-ਛੋਤ ਹੋਣ ਜਾ ਰਹੀਆਂ ਹਨ, ਮਨੁੱਖ ਲਈ ਖ਼ਤਰੇ ਦੀ ਘੰਟੀ ਹੈ ਇਹ।

ਧਰਾਤਲੀ ਬਣਤਰ, ਜਲਵਾਯੂ, ਬਨਸਪਤੀ ਦੀ ਕਿਸਮ ਅਤੇ ਘਣਤਾ,ਜਲ ਸੋਮਿਆਂ ਦੀ ਮਿਕਦਾਰ ਤੇ ਡੂੰਘਾਈ ਅਤੇ ਮਿੱਟੀ ਦੀ ਕਿਸਮ ਤੇ ਕਿਸੇ ਖਿੱਤੇ ਦੀ ਕੁਦਰਤੀ ਬਨਸਪਤੀ ਵੀ ਜੀਵੀ ਮੰਡਲ ਉੱਪਰ ਪਰਭਾਵ ਪਾਉਂਦਾ ਹੈ। ਸਮੁੱਚਾ ਜੀਵੀ ਮੰਡਲ ਪ੍ਰਿਥਵੀ ਦੀ ਸਤਹ ਉੱਪਰ ਜਾਂ ਇਸ ਦੇ ਨੇੜੇ ਹੀ ਰਹਿੰਦਾ ਹੈ। ਮਹਾਂਸਾਗਰ ਵਿਚ 6.4 ਕਿਲੋਮੀਟਰ ਦੀ ਗਹਿਰਾਈ ਤੱਕ ਅਤੇ ਅਕਾਸ਼ ਵੱਲ ਇਹ ਸੀਮਾ ਵੱਧ ਤੋਂ ਵੱਧ 3.8 ਕਿਲੋਮੀਟਰ ਤੱਕ ਹੈ। ਕੁਝ ਕੁ ਮਾਰੂਥਲੀ ਭਾਗਾਂ,ਬੰਜਰ-ਚਟਾਨਾਂ ਜਾਂ ਫਿਰ ਉੱਚਤਮ ਪਰਬਤੀ ਸਿਖਰਾਂ ਨੂੰ ਛੱਡ ਕੇ ਬਾਕੀ ਸਭ ਥਾਂ ਇਹ ਕੁਦਰਤੀ ਭੰਡਾਰ ਮੌਜੂਦ ਹਨ। ਹਵਾ, ਨਮੀ, ਧੁੱਪ, ਮਿੱਟੀ ਅਤੇ ਪਾਣੀ ਤੱਕ ਸਾਰਾ ਤਾਣਾਬਾਣਾ ਹੀ ਪੌਦਿਆਂ-ਪ੍ਰਾਣੀਆਂ ਦੀਆਂ ਨਸਲਾਂ ਅਤੇ ਉਨ੍ਹਾਂ ਦੇ ਇਕ-ਦੂਜੇ ਨਾਲ ਗੂਹੜੇ ਸੰਬੰਧਾਂ ਨਾਲ ਇਕ ਆਦਰਸ਼ਕ ਸੰਤੁਲਨ ਵਜੋਂ ਜੁੜਿਆ ਹੋਇਆ ਹੈ।

ਅਫਸੋਸ! ਮਨੁੱਖ ਨੇ ਇਸ ਸੰਤੁਲਨ/ਗਿਣਤੀ ਨੂੰ ਵਿਗਾੜ ਕੇ ਰੱਖ ਦਿਤਾ ਹੈ। ਹੁਣ ਧਰਤੀ ਉੱਤਿਓਂ ਕੁੱਲ ਪੌਦ ਅਤੇ ਜੀਵ ਨਸਲਾਂ ਦੀ ਗਿਣਤੀ ਨੇ ਪਿੱਛਲ ਮੋੜਾ ਲੈ ਲਿਆ ਹੈ। ਅਜਿਹਾ ਮਨੁੱਖ ਦੀਆਂ ਅਚੇਤ-ਸੁਚੇਤ ਗਤੀਵਿਧੀਆਂ ਕਾਰਨ ਹੋ ਰਿਹਾ ਹੈ, ਜਿਸ ਨਾਲ ਬਹੁਤ ਸਾਰੀਆਂ ਕਿਸਮਾਂ ਜਾਂ ਤਾਂ ਨਸ਼ਟ ਹੋ ਗਈਆਂ ਹਨ ਜਾਂ ਨਸ਼ਟ ਹੋਣ ਦੇ ਕੰਢੇ ਪਹੁੰਚ ਚੁੱਕੀਆਂ ਹਨ। ਭਾਵੇਂ ਇਸ ਵਿਚ ਵਾਤਾਵਰਣੀ ਪ੍ਰਸਥਿਤੀਆਂ ਅਤੇ ਕੁਦਰਤੀ ਘਟਨਾ-ਕ੍ਰਮ ਵੀ ਅਹਿਮ ਰੋਲ ਨਿਭਾਉਂਦੇ ਹਨ, ਪ੍ਰੰਤੂ ਮਨੁੱਖੀ ਆਪ-ਹੁਦਰੀਆਂ ਦੀ ਭੂਮਿਕਾ ਦਾ ਰੋਲ ਸਿਫ਼ਤੀ ਹੈ। ਕੁਦਰਤਨ ਵਾਤਾਵਰਣੀ ਪ੍ਰਸਥਿਤੀਆਂ, ਵਿਸ਼ੇਸ਼ ਕਰਕੇ ਜਲਵਾਯੂ, ਬਦਲਦੀਆਂ ਰਹਿੰਦੀਆਂ ਹਨ। ਕਦੀ-ਕਦੇ ਇਹ ਤਬਦੀਲੀ ਸਹਿਜ-ਚਾਲ ਆਉਂਦੀ ਹੈ ਅਤੇ ਜੀਵ-ਜੰਤੂ ਉਸੇ ਅਨੁਸਾਰ ਆਪਣੇ-ਆਪ ਨੂੰ ਢਾਲ ਲੈਂਦੇ ਹਨ। ਕਦੇ-ਕਦੇ ਇਹ ਤਬਦੀਲੀ ਬੜੀ ਤਿੱਖੀ ਤੇ ਚਾਣਚੱਕ ਹੀ ਆ ਜਾਂਦੀ ਹੈ, ਜਿਹੜੀ ਜੀਵ ਜਗਤ ਲਈ ਬੜੀ ਹਾਨੀਕਾਰਕ ਸਿੱਧ ਹੁੰਦੀ ਹੈ। ਜਿਹੜੇ ਪੌਦੇ ਜਾਂ ਪ੍ਰਾਣੀ ਤਬਦੀਲੀਆਂ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦੇ ਹਨ, ਉਹ ਤਾਂ ਬਚ ਜਾਂਦੇ ਹਨ, ਪਰ ਜਿਹੜੇ ਬਰਾਬਰ ਨਹੀਂ ਤੁਰਦੇ ਜਾਂ ਸਹਿ ਨਹੀਂ ਸਕਦੇ, ਉਹ ਮਾਰੇ ਜਾਂਦੇ ਹਨ। ਉਂਜ ਮਨੁੱਖ ਨੇ ਜੈਵਿਕ-ਵਿਭਿੰਨਤਾ ਨੂੰ ਖਤਮ ਕਰਨ ਵਿਚ ਬੜਾ ਕੁਢਰ ਰੋਲ ਨਿਭਾਇਆ ਹੈ, ਸਿੱਧਾ ਅਤੇ ਅਸਿੱਧਾ। ਸਿੱਧੇ ਵਿਚ; ਵਧਦੀ ਆਬਾਦੀ,ਜੰਗਲਾਂ ਦਾ ਉਜਾੜਾ, ਅਧੁਨਿਕ ਖੇਤੀ, ਪਦਾਰਥਿਕ ਸਹੂਲਤਾਂ ਅਤੇ ਧਨ-ਕੁਬੇਰੀ ਪ੍ਰਵਿਰਤੀ ਆਦਿ ਸ਼ਾਮਿਲ ਹੈ। ਅਸਿੱਧੇ ਵਿਚ; ਪ੍ਰਦੂਸ਼ਤ ਵਾਤਾਵਰਣ ਦੀ ਸਿਰਜਣਾ,ਅਗਜ਼ਨੀ, ਰੋਲਾ-ਗੋਲਾ, ਕੈਮੀਕਲਜ਼ ਦੀ ਦੁਰ-ਵਰਤੋਂ, ਕੁਦਰਤੀ ਸੋਮਿਆਂ ਦਾ ਅਚੇਤ-ਸੁਚੇਤ ਘਾਣ ਅਤੇ 'ਹਰ ਵਸਤ ਮਨੁੱਖ ਲਈ' ਵਾਲੀ ਧਾਰਨਾ ਹੈ।

ਇਵੇਂ ਹੀ ਜੈਵ-ਵਿਭਿੰਨਤਾ ਦੇ ਲਾਭਾਂ ਨੂੰ ਵੀ ਦੋ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ। ਸਿੱਧੇ ਲਾਭ; ਭਾਵ ਖਾਧ ਪਦਾਰਥ ਤੇ ਉਤਪਾਦਨੀ ਵਰਤੋਂ ਵਾਲੇ ਲਾਭ। ਦੂਸਰਾ-ਅਸਿੱਧੇ ਲਾਭ ਭਾਵ ਖਾਧ ਪਦਾਰਥਾਂ ਵਜੋਂ ਤਾਂ ਅਯੋਗ, ਪ੍ਰੰਤੂ ਭਵਿੱਖ ਲਈ ਲਾਹੇਵੰਦ। ਬਨਸਪਤੀ ਅਤੇ ਜੀਵਾਂ ਤੋਂ ਮਨੁੱਖੀ ਜੀਵਨ ਨੂੰ ਪ੍ਰਾਪਤ ਹੋਣ ਵਾਲੇ ਸਿੱਧੇ ਲਾਭਾਂ ਤੋਂ ਤਕਰੀਬਨ ਅਸੀਂ ਸਾਰੇ ਜਾਣੂੰ ਹਾਂ। ਪੌਦ-ਸੰਦਰਭ; ਦੋ ਹਰਫੀ ਗੱਲ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ 'ਪੰਘੂੜੇ ਤੋਂ ਲੈ ਕੇ ਅਰਥੀ ਤੱਕ ਇਹ ਸਾਡਾ ਬਹੁ-ਪੱਖੀ ਸਾਥ ਨਿਭਾਉਂਦੇ ਹਨ'। ਜੀਵਾਂ ਬਾਬਤ ਆਖ ਸਕਦੇ ਹਾਂ ਕਿ 'ਗਰਭ ਤੋਂ ਲੈ ਕੇ ਸਿਵਿਆਂ ਤਾਈਂ ਜਾਣ ਤੱਕ ਇਹ ਸਾਨੂੰ ਬੜੀਆਂ ਬਰਕਤਾਂ ਬਖਸ਼ਦੇ ਹਨ।' ਅਰਥਾਤ ਜੈਵ-ਵਿਭਿੰਨਤਾ ਨੇ ਹੀ ਸਮੁੱਚੀ ਮਨੁੱਖ ਜਾਤੀ ਨੂੰ ਕੁੱਲੀ, ਗੁਲੀ ਅਤੇ ਜੁਲੀ ਪ੍ਰਦਾਨ ਕੀਤੀ ਹੈ। ਜਿਥੋਂ ਤੱਕ ਅਸਿੱਧੇ ਲਾਭਾਂ ਦਾ ਸਬੰਧ ਹੈ, ਇਹੀ ਉਹ ਚੂਲ ਹੈ, ਜਿਸ ਨੂੰ ਅਸੀਂ ਭੁੱਲੀ ਬੈਠੇ ਹਾਂ। ਦਰਅਸਲ, ਅਸਿੱਧੇ ਲਾਭਾਂ ਦੀ ਬਦੌਲਤ ਹੀ ਮਨੁੱਖ ਜਿਉਂਦਾ ਹੈ। ਸੰਖੇਪ 'ਚ ਬਨਸਪਤੀ ਮਿੱਟੀ ਨੂੰ ਸੰਭਾਲਦੀ ਅਤੇ ਜਰਖੇਜ਼ ਬਣਾਉਂਦੀ ਹੈ। ਇਹ ਵਰਖਾ ਅਤੇ ਜਲ-ਭੰਡਾਰਾਂ ਦੀ ਜ਼ਾਮਨੀ ਹੈ। ਬੋਹੜ ਦਾ ਰੁੱਖ ਇਕ ਦਿਨ ਵਿਚ 400 ਲੀਟਰ ਪਾਣੀ ਹਵਾ ਵਿਚ ਰਲਾ ਦਿੰਦਾ ਹੈ। ਮਾਰੂਥਲਾਂ ਦੀ ਨਿੱਕੀ-ਨਿੱਕੀ ਘਾਹ ਜਾਂ ਕੰਡਿਆਲੀ ਬਨਸਪਤੀ ਵੀ 179 ਤੋਂ 543 ਮਿਲੀਗ੍ਰਾਮ ਨਮੀ ਇਕ ਦਿਨ ਵਿੱਚ ਛੱਡਦੀ ਹੈ। ਜੰਗਲ ਦਾ ਇਕ ਵਰਗ ਕਿਲੋਮੀਟਰ ਰਕਬਾ 50,000 ਲੀਟਰ ਪਾਣੀ ਆਪਣੀ ਜੜ੍ਹਾਂ ਰਾਹੀਂ ਸਾਡੇ ਲਈ ਸੰਭਾਲ ਦਿੰਦਾ ਹੈ ਅਤੇ ਮਹਿਜ਼ ਇਕ ਹੈਕਟਰ ਰਕਬਾ ਵਾਯੂ ਮੰਡਲ ਦੀ 30 ਟਨ ਧੂੜ ਅਤੇ 3.7 ਮੀਟਰ ਟਨ ਕਾਰਬਨ ਡਾਇਆਕਸਾਈਡ ਸਮੇਟ ਸਕਦਾ ਹੈ, ਮੋੜਵੇਂ ਰੂਪ ਮਣਾਂ-ਮੂੰਹੀਂ ਆਕਸੀਜਨ। ਇਹੀ ਨਹੀਂ,50 ਮੀਟਰ ਹਰੀ-ਪੱਟੀ 20 ਤੋਂ 30 ਡੈਸੀਮਲ ਸ਼ੋਰ ਘਟਾ ਸਕਦੀ ਹੈ। ਇਕ ਵੀਰਾਨ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਅਤੇ ਭੌਂਅ-ਖਿਸਕਾਅ ਤੇ ਸੇਮ ਵਰਗੀਆਂ ਬਲਾਵਾਂ ਮਨੁੱਖ ਪੱਲੇ ਪੈ ਜਾਂਦੀਆਂ ਹਨ।

ਅਸਿੱਧੇ ਲਾਭਾਂ ਹਿੱਤ ਇਕ ਖੂਬਸੂਰਤ ਉਦਾਹਰਣ ਪਰਾਗਦਾਨੀਆਂ ਦੀ ਦਿੱਤੀ ਜਾ ਸਕਦੀ ਹੈ। ਪੌਦਿਆਂ ਦਾ ਜੀਵਨ-ਚੱਕਰ ਬਣੇ ਰਹਿਣ ਵਿਚ ਕੀਟਾਂ,ਤਿਤਲੀਆਂ, ਸ਼ਹਿਦ ਦੀਆਂ ਮੱਖੀਆਂ ਅਤੇ ਪੰਛੀਆਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਜਿਹੜੇ ਪੌਦਿਆਂ/ਬੀਜ/ਫਲ ਦੀ ਪ੍ਰਫੁੱਲਤਾ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਾਡੀ ਧਰਤੀ ਉੱਤੇ ਲੱਗਭੱਗ 2,50,000 ਕਿਸਮਾਂ ਦੇ ਫੁੱਲਾਂ ਵਾਲੇ ਪੌਦੇ ਮੌਜੂਦ ਹਨ। ਇਨ੍ਹਾਂ ਵਿਚੋਂ ਲੱਗਭੱਗ 60 ਫੀਸਦੀ ਪੌਦੇ ਪਰਾਗਦਾਨੀ ਜੀਵਾਂ ਦੀ ਮਦਦ ਨਾਲ ਫਲ ਅਤੇ ਬੀਜ ਪੈਦਾ ਕਰਦੇ ਹਨ। ਪਰਾਗਦਾਨੀਆਂ ਦੀ ਮਦਦ ਤੋਂ ਬਿਨਾਂ ਪੌਦਿਆਂ ਅੰਦਰ ਨਰ ਤੇ ਮਾਦਾ ਵੰਨਗੀਆਂ ਦਾ ਆਪਸੀ ਸੰਸੇਚਣ ਸੰਭਵ ਨਹੀਂ ਹੁੰਦਾ। ਅਨਾਜ ਦੀ ਹਰ ਤੀਜੀ ਵੰਨਗੀ ਅਤੇ ਫਲਾਂ ਦੀਆਂ ਤਕਰੀਬਨ ਸਾਰੀਆਂ ਵੰਨਗੀਆਂ ਨੂੰ ਪਰਾਗਦਾਨੀਆਂ ਦੀ ਮਦਦ ਦੀ ਲੋੜ ਪੈਂਦੀ ਹੈ। ਅਰਥਾਤ ਪਰ-ਪਰਾਗਣ ਲਈ ਨਰ-ਫੁੱਲ ਤੋਂ ਪਰਾਗ-ਕਣ, ਉਸੇ ਵੰਨਗੀ ਦੇ ਮਾਦਾ ਫੁੱਲ ਦੇ ਸਟਿਗਮਾ ਉਤੇ ਪੁੰਹਚਾਉਣ ਦੀ ਕਿਰਿਆ-ਪ੍ਰਕਿਰਿਆ ਨੂੰ ਪਰਾਗਦਾਨ ਕਿਹਾ ਜਾਂਦਾ ਹੈ, ਜਿਸ ਬਿਨਾਂ ਜਨਣ-ਕ੍ਰਿਆ ਅਤੇ ਪੈਦਾਵਾਰ ਦੀ ਮਿਆਰੀ-ਗੁਣਵੰਤਾ ਸੰਭਵ ਨਹੀਂ। ਵਿਸ਼ਵ 'ਚ ਲਗਭੱਗ ਦੋ ਲੱਖ ਕਿਸਮਾਂ ਦੇ ਜੀਵ-ਜੰਤੂ ਪਰਾਗਦਾਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ, ਜਿਹੜੇ ਬਨਸਪਤੀ ਅਤੇ ਪ੍ਰਾਣੀ ਜਗਤ ਦੀ ਵਿਭਿੰਨਤਾ ਬਣਾਈ ਰੱਖਣ ਲਈ ਅਤੀ ਲੋੜੀਂਦੇ ਹਨ। ਮਨੁੱਖੀ ਆਪਹੁਦਰੀਆਂ ਕਾਰਨ ਬਹੁ-ਵੰਨਗੀ ਪਰਾਗਦਾਨੀਆਂ ਦਾ ਖਾਤਮਾ ਹੋ ਗਿਆ ਹੈ। ਅੰਤਰਰਾਸ਼ਟਰੀ ਕੁਦਰਤੀ ਸਰੰਖਿਅਣ ਸੰਸਥਾ ਮੁਤਾਬਕ ਡਗਰ ਇਹੋ ਰਹੀ ਤਾਂ ਅਗਲੇ ਕੁਝ ਕੁ ਦਹਾਕਿਆਂ 'ਚ ਪਰਾਗਦਾਨੀਆਂ ਦੇ ਨਿਘਾਰ ਕਾਰਨ ਫੁੱਲਾਂ ਵਾਲੇ ਪੌਦਿਆਂ ਦੀਆਂ 20,000 ਵੰਨਗੀਆਂ ਖਤਮ ਹੋ ਜਾਣਗੇ।

ਹਾਂ; ਜੀਵ-ਵਿਭਿੰਨਤਾ ਇਕ ਕ੍ਰਿਆਸ਼ੀਲ ਪ੍ਰਣਾਲੀ ਹੈ, ਜਿਸ ਵਿਚ ਸਦਾ ਹੀ ਤਬਦੀਲੀ ਆਉਂਦੀ ਰਹਿੰਦੀ ਹੈ। ਵਿਭਿੰਨ ਵੰਨਗੀਆਂ ਦਾ ਖਤਮ ਹੋ ਜਾਣਾ ਇਕ ਕੁਦਰਤੀ ਵਰਤਾਰਾ ਹੈ। ਲੱਖਾਂ ਸਾਲਾਂ ਦੀ ਉੱਥਲ-ਪੁੱਥਲ ਅਤੇ ਵਿਕਾਸ ਉਪਰੰਤ ਕੁਦਰਤ ਨੇ ਜੀਵਤ ਅਤੇ ਅਜੀਵਤ ਵਾਤਾਵਰਣ/ਹਾਲਤਾਂ ਵਿਚਕਾਰ ਬੜੀ ਸਿਆਣਪ ਨਾਲ ਨਾਪ-ਤੋਲ ਕਰਕੇ ਹਾਂ-ਪੱਖੀ ਸੰਤੁਲਨ ਕਾਇਮ ਕੀਤਾ ਹੈ। ਇਸ ਸੰਤੁਲਨ ਵਿਚ ਆਈ ਰਤਾ ਜਿੰਨੀ ਵੀ/ਸਿਫਤੀ ਤਬਦੀਲੀ ਕਿਸੇ ਵੀ ਨਸਲ ਲਈ ਖ਼ਤਰਾ ਬਣ ਜਾਂਦੀ ਹੈ। ਮਾਹਰਾਂ ਅਨੁਸਾਰ ਹਰ ਵੰਨਗੀ ਇਕ ਖਾਸ ਅਰਸੇ ਤੱਕ ਪ੍ਰਿਥਵੀ ਉੱਤੇ ਜਿਊਂਦੀ ਹੈ, ਫੇਰ ਸਮਾਂ ਪਾ ਕੇ ਖ਼ਤਮ ਹੋ ਜਾਂਦੀ ਹੈ ਅਤੇ ਇਵਜ਼ ਵਿੱਚ ਨਵੀਂ ਪੈਦਾ ਹੋ ਜਾਂਦੀ ਸੀ। ਮਨੁੱਖ ਅਤੇ ਉਸ ਦੁਆਰਾ ਪਾਲਤੂ ਪੌਦਿਆਂ ਅਤੇ ਜਾਨਵਰਾਂ ਉੱਤੇ ਵਿਗਿਆਨਕੀ ਤੇ ਪਦਾਰਥੀ ਸਹੂਲਤਾਂ ਕਾਰਨ ਹੁਣ ਇਹ ਵਰਤਾਰਾ ਉਵੇਂ ਸੰਭਵ ਨਹੀਂ, ਜਿਵੇਂ ਦੂਸਰੇ ਕੁਦਰਤੀ ਜੈਵਿਕ-ਵਿਭਿੰਨਤਾ ਲਈ ਹੈ, ਪਰੰਤੂ ਅਤੀਤ ਵਿਚ ਉਨ੍ਹਾਂ ਸਭ ਦੇ ਲੁਪਤ ਹੋ ਜਾਣ ਦੀ

22-MAY-PAGE-5.qxd 5/21/2023 9:56 PM Page 1

ਨੌਜਵਾਨ ਡਿਗਰੀਆਂ/ਡਿਪਲੋਮੇ ਕਰਕੇ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੇ : ਢਾਬਾਂ, ਛੱਪੜੀਵਾਲਾ

'ਬਨੇਗਾ' ਵਲੰਟੀਅਰ ਮਾਰਚ 'ਚ ਬਾਵਰਦੀ ਹਿੱਸਾ ਲੈਣ ਲਈ ਨੌਜਵਾਨਾਂ 'ਚ ਭਾਰੀ ਉਤਸ਼ਾਹ : ਨਰਿੰਦਰ ਢਾਬਾਂ, ਬਣਵਾਲਾ

ਮੰਡੀ ਅਰਨੀਵਾਲਾ/ ਜਲਾਲਾਬਾਦ (ਜੀਤ ਕੁਮਾਰ, ਰਣਬੀਰ ਕੌਰ, ਸਤਨਾਮ ਸਿੰਘ) : ਭਾਰਤ ਦੇਸ਼ ਨੌਜਵਾਨਾਂ ਦਾ ਦੇਸ਼ ਹੈ, ਕਿਉਂਕਿ ਦੁਨੀਆ ਭਰ ਵਿੱਚ ਸਭ ਤੋਂ ਨੌਜਵਾਨ ਉਮਰ ਗਰੁੱਪ ਦੇ ਨੌਜਵਾਨ ਭਾਰਤ ਵਿੱਚ ਰਹਿੰਦੇ ਹਨ। ਨੌਜਵਾਨ ਕਿਸੇ ਵੀ ਦੇਸ਼ ਦਾ ਸਰਮਾਇਆ ਹੁੰਦੇ ਹਨ ਤੇ ਉਸ ਸਰਮਾਏ ਨੂੰ ਸਾਂਭਣਾ ਸਾਡੇ ਦੇਸ਼ ਦੇ ਰਾਜ ਪ੍ਰਬੰਧ ਦੀ ਜ਼ਿੰਮੇਵਾਰੀ ਹੁੰਦੀ ਹੈ। ਦੇਸ਼ ਦਾ ਸਰਮਾਇਆ ਦੇਸ਼ ਦੇ ਨੌਜਵਾਨਾਂ ਡਿਗਰੀਆਂ/ਡਿਪਲੋਮੇ ਪ੍ਰਾਪਤ ਕਰਕੇ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਲਾਕ ਅਰਨੀਵਾਲਾ ਦੇ ਪਿੰਡ ਮਾਹੂਆਣਾ ਵਿਖੇ ਵਿਦਿਆਰਥੀਆਂ, ਨੌਜਵਾਨਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਰਵ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ ਤੇ ਸੂਬਾਈ ਸਹਾਇਕ ਸਕੱਤਰ ਹਰਭਜਨ ਛੱਪੜੀਵਾਲਾ ਨੇ ਕੀਤਾ। ਉਨ੍ਹਾਂ ਦੱਸਿਆ ਕਿ ਸਰਵ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਜ਼ਿਲ੍ਹਾ ਕੌਂਸਲ ਫਾਜ਼ਿਲਕਾ ਵੱਲੋਂ ਸਭ ਲਈ ਰੁਜ਼ਗਾਰ ਦੀ ਪ੍ਰਾਪਤੀ ਲਈ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' (ਬਨੇਗਾ) ਕਾਨੂੰਨ ਪਾਸ ਕਰਵਾਉਣ ਲਈ ਪਿੰਡਾਂ ਤੋਂ ਜ਼ਿਲ੍ਹਾ ਹੈੱਡਕੁਆਰਟਰ ਵੱਲ ਪੈਦਲ ਮਾਰਚ ਕੀਤਾ ਜਾ ਰਿਹਾ ਹੈ। ਸਭ ਲਈ ਰੁਜ਼ਗਾਰ ਤੇ ਵਿੱਦਿਆ ਦੀ ਪ੍ਰਾਪਤੀ ਲਈ ਦੇਸ਼ ਦੀ ਪਾਰਲੀਮੈਂਟ ਇਹ ਕਾਨੂੰਨ ਬਣੇ, ਇਸ ਲਈ ਨੌਜਵਾਨ ਚੇਤੰਨ ਹੋ ਰਹੇ ਹਨ।

ਇਸ ਮੌਕੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਸਰਵ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹੇ ਦੇ ਆਗੂ ਨਰਿੰਦਰ ਢਾਬਾਂ ਤੇ ਜੰਮੂ ਰਾਮ ਬਣਵਾਲਾ ਨੇ ਕਿਹਾ ਕਿ ਦੇਸ਼ ਦੀ ਪਾਰਲੀਮੈਂਟ ਵਿੱਚ ਸਭ ਲਈ ਰੁਜ਼ਗਾਰ ਦੀ ਗਾਰੰਟੀ ਲਈ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' (ਬਨੇਗਾ) ਬਣਨਾ ਚਾਹੀਦਾ ਹੈ, ਜਿਸ ਲਈ ਵਿਦਿਆਰਥੀਆਂ ਤੇ ਨੌਜਵਾਨਾਂ ਵੱਲੋਂ ਲਗਾਤਾਰ ਸਰਗਰਮੀ ਕੀਤੀ ਜਾ ਰਹੀ ਹੈ। ਬਨੇਗਾ ਕਾਨੂੰਨ ਬਾਰੇ ਵਿਸਥਾਰ ਨਾਲ ਬੋਲਦਿਆਂ ਆਗੂਆਂ ਨੇ ਕਿਹਾ ਕਿ ਇਸ ਕਾਨੂੰਨ ਤਹਿਤ ਹਰੇਕ ਅਣਪੜ੍ਹ ਤੇ ਅਣਸਿੱਖਿਅਤ ਲਈ ਘੱਟੋ-ਘੱਟ 25 ਹਜ਼ਾਰ, ਅਰਧ-ਸਿੱਖਿਅਤ ਲਈ 30 ਹਜ਼ਾਰ, ਸਿੱਖਿਅਤ ਲਈ 35 ਹਜ਼ਾਰ ਤੇ 45 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦੀ ਗਾਰੰਟੀ ਹੋਵੇ ਅਤੇ ਕੰਮ/ਰੁਜ਼ਗਾਰ ਨਾ ਮਿਲਣ ਦੀ ਸੂਰਤ 'ਚ ਤਨਖਾਹ ਦਾ ਅੱਧ ਦਿੱਤਾ ਜਾਵੇ। ਰੁਜ਼ਗਾਰ ਦੀ ਪ੍ਰਾਪਤੀ ਲਈ ਵੱਖ-ਵੱਖ ਪਿੰਡਾਂ ਤੋਂ ਸ਼ੁਰੂ ਹੋ ਕੇ ਤਿੰਨ ਕਾਫਲੇ 28 ਮਈ ਨੂੰ ਲਾਧੂਕਾ ਵਿਖੇ ਪਹੁੰਚਣਗੇ ਤੇ ਅਗਲੇ ਦਿਨ 29 ਮਈ ਨੂੰ ਪੈਦਲ ਰਵਾਨਾ ਹੋ ਕੇ ਫਾਜ਼ਿਲਕਾ ਪਹੁੰਚਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤੀਸ਼ ਛੱਪੜੀਵਾਲਾ, ਗੁਰਦਿਆਲ, ਬਲਜੀਤ ਬੱਬੂ ਮਾਹੂਆਣਾ, ਮਲਕੀਤ ਸਿੰਘ ਮਾਹੂਆਣਾ, ਗੌਰਵ ਕੰਬੋਜ ਡੱਬਵਾਲੀ ਤੇ ਕੁਲਦੀਪ ਅਰਨੀਵਾਲਾ ਨੇ ਵੀ ਸੰਬੋਧਨ ਕੀਤਾ।

ਕਰੰਟ ਲੱਗਣ ਨਾਲ ਨੌਜਵਾਨ ਦੀ ਮੌਤ

ਅਗਲੇ ਮਹੀਨੇ ਸੀ ਵਿਆਹ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)- ਮਾਛੀਵਾੜਾ ਦੀ ਬਲੀਬੇਗ ਬਸਤੀ ਦੇ ਨੌਜਵਾਨ ਰਾਕੇਸ਼ ਕੁਮਾਰ (19), ਜਿਸ ਦਾ ਅਗਲੇ ਮਹੀਨੇ ਵਿਆਹ ਸੀ, ਪਰ ਉਸ ਤੋਂ ਪਹਿਲਾਂ ਹੀ ਅਜਿਹੀ ਅਣਹੋਣੀ ਵਾਪਰੀ ਕਿ ਉਸ ਦੀ ਅਰਥੀ ਉੱਠ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਰਾਕੇਸ਼ ਕੁਮਾਰ ਆਪਣੇ ਕੁੱਝ ਸਾਥੀਆਂ ਸਮੇਤ ਮਾਛੀਵਾੜਾ ਨੇੜੇ ਮੱਕੀ ਦੀ ਫਸਲ 'ਚ ਸਪਰੇਅ ਕਰਨ ਆਇਆ ਸੀ। ਉਸ ਦੇ ਸਾਥੀਆਂ ਨੇ ਦੱਸਿਆ ਕਿ ਰਾਕੇਸ਼ ਕੁਮਾਰ ਵੀ ਫਸਲ 'ਤੇ ਸਪਰੇਅ ਕਰ ਰਿਹਾ ਸੀ ਕਿ ਅਚਾਨਕ ਖੇਤਾਂ ਵਿੱਚ ਲਟਕ ਰਹੀ ਬਿਜਲੀ ਦੀ ਤਾਰ ਉਸ ਦੇ ਸਰੀਰ ਨੂੰ ਛੂਹ ਗਈ, ਜਿਸ ਤੋਂ ਉਸ ਨੂੰ ਜ਼ਬਰਦਸਤ ਕਰੰਟ ਲੱਗਿਆ ਤੇ ਮੌਕੇ 'ਤੇ ਹੀ ਦਮ ਤੋੜ ਗਿਆ। ਘਟਨਾ ਤੋਂ ਬਾਅਦ ਤੁਰੰਤ ਥਾਣਾ ਮੁਖੀ ਦਵਿੰਦਰਪਾਲ ਸਿੰਘ ਵੀ ਮੌਕੇ 'ਤੇ ਪਹੁੰਚ ਗਏ ਤੇ ਬਿਜਲੀ ਸਪਲਾਈ ਕੱਟਣ ਤੋਂ ਬਾਅਦ ਮ੍ਰਿਤਕ ਰਾਕੇਸ਼ ਕੁਮਾਰ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟ ਮਾਰਟਮ ਲਈ ਭਿਜਵਾ ਦਿੱਤਾ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਮ੍ਰਿਤਕ ਦੇ ਪਰਿਵਾਰਕ ਮੈਂਬਰ ਵੀ ਮੌਕੇ 'ਤੇ ਪੁੱਜ ਗਏ ਤੇ ਉਸ ਦੇ ਪਿਤਾ ਸੁਰੇਸ਼ ਮਹਿਤੋ ਨੇ ਦੱਸਿਆ ਕਿ ਉਸ ਦਾ ਲੜਕਾ ਰਾਕੇਸ਼ ਕੁਮਾਰ ਖੇਤਾਂ ਵਿੱਚ ਮਜ਼ਦੂਰੀ ਦਾ ਕੰਮ ਕਰਦਾ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਰਾਕੇਸ਼ ਕੁਮਾਰ ਦੀ ਮੰਗਣੀ ਕੀਤੀ ਹੋਈ ਸੀ, ਜਿਸ ਦਾ ਅਗਲੇ ਜੂਨ ਮਹੀਨੇ 'ਚ ਵਿਆਹ ਤੈਅ ਸੀ, ਪਰ ਇਸ ਅਣਹੋਣੀ ਨੇ ਉਨ੍ਹਾਂ ਦਾ ਨੌਜਵਾਨ ਪੁੱਤਰ ਖੋਹ ਲਿਆ। ਥਾਣਾ ਮੁਖੀ ਦਵਿੰਦਰਪਾਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਅਧਾਰ 'ਤੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਫਿਰਨੀ ਨੂੰ ਲੈ ਕੇ ਪ੍ਰਸ਼ਾਸਨ ਤੇ ਲੋਕ ਆਹਮੋ-ਸਾਹਮਣੇ

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)- ਗੁਰੂ ਹਰਸਹਾਏ ਦੇ ਸਰਹੱਦੀ ਪਿੰਡ ਮੇਘਾ ਰਾਏ ਹਿਠਾੜ ਵਿਖੇ ਮਾਨਯੋਗ ਹਾਈ ਕੋਰਟ ਦੇ ਹੁਕਮਾਂ ਤਹਿਤ ਪਿੰਡ ਦੀ ਫਿਰਨੀ 'ਤੇ ਲੋਕਾਂ ਵੱਲੋਂ ਕੀਤੇ ਨਜਾਇਜ਼ ਕਬਜ਼ੇ ਹਟਾਉਣ ਸਬੰਧੀ ਪੁਲਸ ਤੇ ਸਿਵਲ ਪ੍ਰਸ਼ਾਸਨ ਦੀ ਹਾਜ਼ਰੀ 'ਚ ਸਰਕਾਰੀ ਪੀਲਾ ਪੰਜਾ ਤਾਂ ਪਹੁੰਚਿਆ, ਪਰ ਲੋਕਾਂ ਦੇ ਵਿਰੋਧ ਕਾਰਨ ਬੇਰੰਗ ਵਾਪਸ ਪਰਤ ਆਇਆ। ਇਸ ਮੌਕੇ ਕਿਸੇ ਵੀ ਅਣਸੁਖਾਵੀਂ ਘਟਨਾ ਨਾਲ ਨਜਿੱਠਣ ਲਈ ਪਿੰਡ ਮੇਘਾ ਰਾਏ ਹਿਠਾੜ ਨੂੰ ਪੁਲਸ ਛਾਉਣੀ ਵਿੱਚ ਤਬਦੀਲੀ ਕੀਤਾ ਗਿਆ ਸੀ ਤੇ ਪੁਲਸ ਤੇ ਸਿਵਲ ਪ੍ਰਸ਼ਾਸਨ ਨੂੰ ਲੋਕਾਂ ਦੇ ਰੋਹ ਦਾ ਕਈ ਵਾਰ ਸਾਹਮਣਾ ਕਰਨਾ ਪਿਆ।

ਇਸ ਮੌਕੇ ਸਥਿਤੀ ਉਸ ਵਕਤ ਜ਼ਿਆਦਾ ਤਨਾਅਪੂਰਨ ਬਣ ਗਈ ਜਦੋਂ ਘਰ ਦੀਆਂ ਕੰਧਾਂ ਨੂੰ ਡੇਗਣ ਲੱਗੇ ਤਾਂ ਘਰ ਵਾਲੇ ਕੋਠਿਆਂ ਦੀਆਂ ਛੱਤਾਂ ਉਪਰ ਚੜ੍ਹ ਗਏ ਤੇ ਪੱਥਰ ਚਲਾਉਣ ਦੀਆਂ ਧਮਕੀਆਂ ਦੇਣ ਲੱਗੇ ਤੇ ਪੁਲਸ ਪ੍ਰਸ਼ਾਸਨ ਵੱਲੋਂ ਮੁਸਤੈਦੀ ਦਿਖਾਉਂਦਿਆਂ ਪਰਿਵਾਰ ਨੂੰ ਛੱਤਾਂ ਤੋਂ ਥੱਲੇ ਉਤਾਰਿਆ ਗਿਆ। ਇਸ ਮੌਕੇ ਪਿੰਡ ਵਾਲਿਆਂ ਨੇ ਸਰਪੰਚ ਤੇ ਪੱਖਪਾਤ ਦੇ ਦੋਸ਼ ਲਾਉਂਦਿਆਂ ਕਿਹਾ ਕਿ ਸਰਪੰਚ ਵੱਲੋਂ ਗਰੀਬ ਲੋਕਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਪੰਚ ਦਾ ਖੁਦ ਦਾ ਘਰ ਫਿਰਨੀ ਵਿੱਚ ਆਉਂਦਾ ਹੈ, ਜੇਕਰ ਫਿਰਨੀ ਕੱਢਣੀ ਹੈ ਤਾਂ ਸਭ ਤੋਂ ਪਹਿਲਾਂ ਸਰਪੰਚ ਆਪਣੇ ਘਰ ਤੋਂ ਸ਼ੁਰੂ ਕਰੇ, ਫਿਰ ਬਾਕੀ ਫਿਰਨੀ ਤੋਂ ਕਬਜ਼ਾ ਛੁਡਵਾਇਆ ਜਾਵੇ। ਓਧਰ ਸਥਿਤੀ ਉਸ ਵਕਤ ਗੰਭੀਰ ਬਣ ਗਈ, ਜਦੋਂ ਭਾਜਪਾ ਆਗੂ ਗੁਰਪਰਵੇਜ ਸਿੰਘ ਸੈਲੇ ਸੰਧੂ ਵੱਲੋਂ ਪਿੰਡ ਮੇਘਾ ਰਾਏ ਹਿਠਾੜ ਪਹੁੰਚ ਗਏ ਤੇ ਲੋਕਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਪਿੰਡ ਵਾਸੀਆਂ ਦੀ ਮਦਦ ਨਾਲ ਜੇ ਸੀ ਬੀ ਦੇ ਮੂਹਰੇ ਧਰਨਾ ਲਾ ਕੇ ਬੈਠ ਗਏ ਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਗਈ। ਇਸ ਮੌਕੇ ਡੀ ਐੱਸ ਪੀ ਯਾਦਵਿੰਦਰ ਸਿੰਘ ਬਾਜਵਾ, ਥਾਣਾ ਗੁਰੂ ਹਰਸਹਾਏ ਦੇ ਮੁਖੀ ਜਸਵਿੰਦਰ ਸਿੰਘ ਬਰਾੜ, ਥਾਣਾ ਲੱਖੋ ਕੇ ਬਹਿਰਾਮ ਦੇ ਮੁਖੀ ਬਚਨ ਸਿੰਘ, ਸਬ ਇੰਸਪੈਕਟਰ ਗੁਰਦੀਪ ਕੌਰ ਸਮੇਤ ਵੱਡੀ ਗਿਣਤੀ ਵਿੱਚ ਪੁਲਸ ਪ੍ਰਸ਼ਾਸਨ ਹਾਜ਼ਰ ਸੀ।

ਇਲਾਜ ਲਈ ਚੰਡੀਗੜ੍ਹ ਲਿਜਾਂਦੇ ਹਵਾਲਾਤੀ ਦੀ ਰਸਤੇ 'ਚ ਮੌਤ

ਸ੍ਰੀ ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ) : ਇਲਾਜ ਲਈ ਚੰਡੀਗੜ੍ਹ ਲਿਜਾਂਦੇ ਸਮੇਂ ਲੁਧਿਆਣਾ ਜੇਲ੍ਹ 'ਚ ਬੰਦ ਇੱਕ ਹਵਾਲਾਤੀ ਦੀ ਖਮਾਣੋਂ ਨੇੜੇ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਹਿਚਾਣ ਲਵਪ੍ਰੀਤ ਸਿੰਘ ਵਾਸੀ ਪਿੰਡ ਕਲਿਆਣ (ਮਲੇਰਕੋਟਲਾ) ਵਜੋਂ ਦੱਸੀ ਗਈ ਹੈ। ਖਮਾਣੋਂ ਹਸਪਤਾਲ ਵਿਖੇ ਮੌਜੂਦ ਮ੍ਰਿਤਕ ਦੇ ਦੋਸਤ ਹਰਪਾਲ ਸਿੰਘ ਨੇ ਦੱਸਿਆ ਕਿ ਲਵਪ੍ਰੀਤ ਸਿੰਘ ਬੀਤੇ ਕੁਝ ਦਿਨਾਂ ਤੋਂ ਲੁਧਿਆਣਾ ਜੇਲ੍ਹ 'ਚ ਬੰਦ ਸੀ, ਜਿੱਥੋਂ ਕਿਸੇ ਨੇ ਉਨ੍ਹਾਂ ਨੂੰ ਫੋਨ ਕਰਕੇ ਦਸਿਆ ਕਿ ਲਵਪ੍ਰੀਤ ਸਿੰਘ ਬੀਮਾਰ ਹੈ ਤੇ ਪੁਲਸ ਉਸ ਨੂੰ ਲੁਧਿਆਣਾ ਦੇ ਸਿਵਲ ਹਸਪਤਾਲ 'ਚ ਲੈ ਕੇ ਗਈ ਹੈ, ਜਿਸ 'ਤੇ ਉਹ ਸਿਵਲ ਹਸਪਤਾਲ 'ਚ ਪਹੁੰਚੇ ਤਾਂ ਡਾਕਟਰਾਂ ਨੇ ਹਾਲਤ ਗੰਭੀਰ ਦੇਖਦਿਆਂ ਲਵਪ੍ਰੀਤ ਸਿੰਘ ਨੂੰ ਚੰਡੀਗੜ੍ਹ ਰੈਫਰ ਕਰ ਦਿੱਤਾ ਤੇ ਉਹ ਜਦੋਂ ਪੁਲਸ ਕਰਮਚਾਰੀਆਂ ਸਮੇਤ ਲਵਪ੍ਰੀਤ ਸਿੰਘ ਨੂੰ ਐਂਬੂਲੈਂਸ 'ਚ ਪਾ ਕੇ ਚੰਡੀਗੜ੍ਹ ਲਿਜਾ ਰਹੇ ਸਨ ਤਾਂ ਖਮਾਣੋਂ ਕੋਲ ਆ ਕੇ ਲਵਪ੍ਰੀਤ ਸਿੰਘ, ਜਿਸ ਦੇ ਮੂੰਹ 'ਚੋਂ ਝੱਗ ਨਿੱਕਲ ਰਹੀ ਸੀ, ਦੀ ਤਬੀਅਤ ਜ਼ਿਆਦਾ ਵਿਗੜ ਗਈ, ਜਿਸ 'ਤੇ ਉਸ ਨੂੰ ਖਮਾਣੋਂ ਦੇ ਸਰਕਾਰੀ ਹਸਪਤਾਲ 'ਚ ਲਿਜਾਇਆ ਗਿਆ ਤਾਂ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਹਸਪਤਾਲ 'ਚ ਪਹੁੰਚੀ ਮ੍ਰਿਤਕ ਦੀ ਚਾਚੀ ਰਾਣੀ ਨੇ ਕਿਹਾ ਕਿ ਲਵਪ੍ਰੀਤ ਸਿੰਘ ਦੀ ਮੌਤ ਦੇ ਕਾਰਨਾਂ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਸੂਤਰਾਂ ਅਨੁਸਾਰ ਮ੍ਰਿਤਕ ਵਿਰੁੱਧ ਲੁੱਟ-ਖੋਹ, ਫਿਰੌਤੀਆਂ ਤੇ ਨਸ਼ਾ ਤਸਕਰੀ ਦੇ ਮਾਮਲੇ ਦਰਜ ਸਨ।

ਕਾਤਰਾਂ

ਪਿਸਤੌਲ ਦੀ ਨੋਕ 'ਤੇ ਲੁੱਟੀ ਦੁਕਾਨ

ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)- ਬੀਤੀ ਰਾਤ ਕਰੀਬ 9 ਵਜੇ ਸਥਾਨਕ ਪੱਤੀ ਦੁੱਲਟ ਦੇ ਐਨ ਵਿਚਕਾਰ ਅਣਪਛਾਤੇ ਨੌਜਵਾਨਾਂ ਨੇ ਇੱਕ ਦੁਕਾਨਦਾਰ ਨੂੰ ਪਿਸਤੌਲ ਦੀ ਨੋਕ 'ਤੇ ਲੁੱਟਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦੁਕਾਨ ਮਾਲਕ ਬਬਲਾ ਰਾਮ ਨੇ ਦੱਸਿਆ ਕਿ ਟੈਲੀਫੋਨ ਐਕਸਚੇਂਜ ਨੇੜੇ ਸਾਡੀ ਪ੍ਰਚੂਨ ਦੀ ਦੁਕਾਨ ਦੇ ਨਾਲ-ਨਾਲ ਦੁੱਧ ਦੀ ਡਾਇਰੀ ਵੀ ਹੈ, ਜਿਸ 'ਚ ਕਰੀਬ ਰਾਤ ਨੂੰ 9 ਵਜੇ ਦੁੱਧ ਦਾ ਕੰਮ ਨਿਪਟਾ ਕੇ ਘਰ ਜਾਣ ਦੀ ਤਿਆਰੀ ਵਿੱਚ ਸੀ ਕਿ ਚਾਰ ਨੌਜਵਾਨ, ਜਿਨ੍ਹਾਂ ਦੇ ਮੂੰਹ ਲਪੇਟੇ ਹੋਏ ਸਨ, ਇਕਦਮ ਦੁਕਾਨ ਅੰਦਰ ਆ ਗਏ ਤੇ ਉਨ੍ਹਾਂ ਵਿੱਚੋਂ ਇਕ ਨੌਜਵਾਨ ਨੇ ਮੇਰੀ ਪੁੜਪੜੀ 'ਤੇ ਪਿਸਤੌਲ ਰਖਦੇ ਹੋਏ ਕਿਹਾ ਕਿ ਜੋ ਵੀ ਨਗਦੀ ਹੈ, ਉਹ ਸਾਡੇ ਹਵਾਲੇ ਕਰ ਦਿਓ ਤੇ ਹਥਿਆਰਾਂ ਦੀ ਆੜ 'ਚ ਉਹ ਦੁਕਾਨ ਦੇ ਗੱਲੇ ਸਮੇਤ ਕਰੀਬ 50 ਹਜ਼ਾਰ ਦੀ ਨਗਦੀ ਉਡਾ ਕੇ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜਦੋਂ ਥਾਣਾ ਲੌਂਗੋਵਾਲ ਵਿਖੇ ਜਾਣਕਾਰੀ ਦਿੱਤੀ ਤਾਂ ਪੁਲਸ ਨੇ ਫੌਰੀ ਕਾਰਵਾਈ ਕਰਦਿਆਂ ਨਾਕੇ ਲਗਾ ਕੇ ਦੋਸ਼ੀਆਂ ਨੂੰ ਫੜਨ ਦੀ ਕੋਸ਼ਿਸ਼ ਕੀਤੀ, ਪਰ ਉਦੋਂ ਤੱਕ ਦੇਰ ਹੋ ਚੁੱਕੀ ਸੀ। ਇਸ ਸਬੰਧੀ ਥਾਣਾ ਲੌਂਗੋਵਾਲ ਮੁਖੀ ਗਗਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਸੀ.ਸੀ.ਟੀ.ਵੀ. ਕੈਮਰਿਆਂ ਦੀਆਂ ਫੁਟੇਜ ਨੂੰ ਖੰਘਾਲਿਆ ਰਿਹਾ ਹੈ ਤੇ ਲੁਟੇਰਿਆਂ ਨੂੰ ਜਲਦੀ ਹੀ ਗ੍ਰਿਫ਼ਤਾਰ ਕੀਤਾ ਜਾਵੇਗਾ।

ਮੁਫਤ ਚੈੱਕਅੱਪ ਕੈਂਪ 27 ਨੂੰ

ਧੂਰੀ (ਸੁਖਦੇਵ ਧੂਰੀ)- ਸੋਸ਼ਲ ਵੈੱਲਫੇਅਰ ਯੂਨਿਟ ਵੱਲੋਂ ਪ੍ਰਧਾਨ ਸਤੀਸ਼ ਕੁਮਾਰ ਰਿਟਾਇਰਡ ਕਾਰਜ ਸਾਧਕ ਅਫਸਰ ਦੀ ਅਗਵਾਈ ਵਿੱਚ ਡਾ: ਰਾਕੇਸ਼ ਕੁਮਾਰ ਦੇ ਸਹਿਯੋਗ ਨਾਲ ਜੈਨ ਸਭਾ ਤੇਰਾ ਪੰਥ ਨੇੜੇ ਸੱਟੇ ਵਾਲਾ ਪੁਲ ਵਿਖੇ ਹੱਡੀਆਂ 'ਚ ਕੈਲਸ਼ੀਅਮ ਦੀ ਜਾਂਚ ਕੈਂਪ ਲਗਾਇਆ ਜਾ ਰਿਹਾ ਹੈ। ਇਹ ਕੈਂਪ 27 ਮਈ ਸਵੇਰੇ 8:30 ਤੋਂ 2:00 ਵਜੇ ਤੱਕ ਲਗਾਇਆ ਜਾਵੇਗਾ। ਯੂਨਿਟ ਦੇ ਜਨਰਲ ਸਕੱਤਰ ਮਨਜੀਤ ਸਿੰਘ ਬਖਸ਼ੀ ਨੇ ਦਸਿਆ ਕਿ ਇਸ ਕੈਂਪ ਵਿੱਚ ਬੀ ਐੱਮ ਡੀ ਮਸ਼ੀਨਾਂ ਨਾਲ ਹੱਡੀਆਂ 'ਚ ਕੈਲਸ਼ੀਅਮ ਦੀ ਮਾਤਰਾ ਚੈੱਕ ਕੀਤੀ ਜਾਵੇਗੀ ਤੇ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ।

ਜ਼ਿੰਦਗੀ 'ਚ ਔਖਾ ਕੰਮ ਹੈ ਬੰਦੇ ਨੂੰ ਪਹਿਚਾਨਣਾ-ਸ਼ਿਵਾਨੀ

ਜੈਤੋ (ਸਤੀਸ਼ ਕੁਮਾਰ ਭੀਰੀ)- ਮਾਊਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਦੇ ਮੋਟੀਵੇਸ਼ਨਲ ਸਪੀਕਰ ਬੀ ਕੇ ਸ਼ਿਵਾਨੀ ਦੀਦੀ ਨੇ ਬ੍ਰਹਮਕੁਮਾਰੀ ਦੇ ਖੇਡ ਵਿਭਾਗ ਵੱਲੋਂ ਗਿਆਨ ਸਰੋਵਰ ਵਿੱਚ ਆਯੋਜਿਤ ਅਖਿਲ ਭਾਰਤੀ ਸੰਮੇਲਨ ਨੂੰ ਸੰਬੋਧਤ ਕਰਦੇ ਹੋਏ ਕਿਹਾ ਕਿ ਦੁਨੀਆ ਵਿੱਚ ਦੋ ਹੀ ਸੱਚੇ ਜੋਤਸ਼ੀ ਹੁੰਦੇ ਹਨ, ਇੱਕ ਮਨ ਦੀ ਗੱਲ ਸਮਝਣ ਵਾਲੀ ਮਾਂ ਤੇ ਭਵਿੱਖ ਨੂੰ ਪਹਿਚਾਨਣ ਵਾਲਾ ਪਿਤਾ, ਬਾਕੀ ਜ਼ਿਆਦਾਤਰ ਮਤਲਬੀ ਤੇ ਦਿਖਾਵਟੀ ਰਿਸ਼ਤਿਆਂ ਦੀ ਡਫਲੀ ਵਜਾਉਣ ਵਾਲੇ ਹੁੰਦੇ ਹਨ। ਉਨ੍ਹਾ ਕਿਹਾ ਕਿ ਜ਼ਿੰਦਗੀ ਦਾ ਸਭ ਤੋਂ ਔਖਾ ਕੰਮ ਹੈ, ਇਨਸਾਨਾਂ ਨੂੰ ਪਹਿਚਾਨਣਾ। ਬੀ ਕੇ ਸ਼ਿਵਾਨੀ ਦੀਦੀ ਨੇ ਅੱਗੇ ਕਿਹਾ ਕਿ ਮਨ ਦੀ ਸ਼ਕਤੀ ਦੀ ਤਾਕਤ ਹਰ ਕਿਸੇ ਪਾਸ ਹੈ, ਉਸ ਨੂੰ ਆਸ਼ਾਵਾਦੀ ਰੂਪ ਵਿੱਚ ਇਸਤੇਮਾਲ ਕਰਕੇ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

2000 ਦਾ ਨੋਟ ਲਿਆਉਣਾ ਪ੍ਰਧਾਨ ਮੰਤਰੀ ਦੀ ਨਲਾ

page-6-22-(MAY)-2023-G-(BV).qxd 5/21/2023 10:04 PM Page 1

ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ-ਧਨੇਰ) ਵੱਲੋਂ ਮੀਟਿੰਗ

ਸੰਗਰੂਰ (ਪ੍ਰਵੀਨ ਸਿੰਘ)-ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ-ਧਨੇਰ) ਵੱਲੋਂ ਨੇੜਲੇ ਪਿੰਡ ਦੁੱਗਾਂ ਵਿੱਚ ਜਥੇਬੰਦੀ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਗਤਾਰ ਸਿੰਘ ਦੁੱਗਾਂ ਦੀ ਪ੍ਰਧਾਨਗੀ ਹੇਠ ਇੱਕ ਭਰਵੀਂ ਮੀਟਿੰਗ ਕੀਤੀ ਗਈ, ਜਿਸ ਵਿੱਚ ਇੱਕ ਸੌ ਤੋਂ ਵਧੇਰੇ ਕਿਸਾਨ ਮਰਦਾਂ ਤੇ ਕਿਸਾਨ ਔਰਤਾਂ ਨੇ ਸ਼ਮੂਲੀਅਤ ਕੀਤੀ। ਇਹ ਮੀਟਿੰਗ ਵਿਸ਼ੇਸ਼ ਤੌਰ 'ਤੇ ਮਸਤੂਆਣਾ ਸਾਹਿਬ ਵਿੱਚ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਬਣਵਾਉਣ ਲਈ ਚੱਲ ਰਹੇ ਸੰਘਰਸ਼ ਦੀ ਕੜੀ ਵਜੋਂ 21 ਮਈ ਨੂੰ ਕੀਤੇ ਜਾਣ ਵਾਲੇ ਟਰੈਕਟਰ ਮਾਰਚ ਵਿੱਚ ਜਥੇਬੰਦੀ ਦੀ ਵੱਡੀ ਸ਼ਮੂਲੀਅਤ ਕਰਵਾਉਣ ਲਈ ਲੋੜੀਂਦੀ ਠੋਸ ਵਿਉਂਤਬੰਦੀ ਕਰਵਾਉਣ ਅਤੇ ਸੰਯੁਕਤ ਕਿਸਾਨ ਮੋਰਚਾ (ਭਾਰਤ) ਵੱਲੋਂ ਮਈ ਦੇ ਅਖੀਰਲੇ ਹਫ਼ਤੇ ਵਿੱਚ ਪਾਰਲੀਮੈਂਟ ਅਤੇ ਰਾਜ ਸਭਾ ਦੇ ਮੈਂਬਰਾਂ ਨੂੰ ਚਿਤਾਵਨੀ ਪੱਤਰ ਦੇਣ ਦੇ ਸੱਦੇ ਨੂੰ ਜ਼ੋਰਦਾਰ ਹੁੰਗਾਰਾ ਦੇਣ ਲਈ ਬੁਲਾਈ ਗਈ ਸੀ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਜਥੇਬੰਦੀ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਬਰਨਾਲਾ ਜ਼ਿਲ੍ਹੇ ਦੇ ਜਨਰਲ ਸਕੱਤਰ ਸਾਹਿਬ ਸਿੰਘ ਬਡਬਰ, ਸੁਖਦੇਵ ਸਿੰਘ ਘਰਾਚੋਂ ਅਤੇ ਰਣਧੀਰ ਸਿੰਘ ਭੱਟੀਵਾਲ ਨੇ, ਮਸਤੂਆਣਾ ਸਾਹਿਬ ਵਿੱਚ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਬਣਨ ਦੇ ਰਾਹ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੜਿੱਕੇ ਡਾਹੁਣ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਸੰਤ ਬਾਬਾ ਅਤਰ ਸਿੰਘ ਦਾ ਇਹ ਸੁਪਨਾ ਸੀ ਕਿ ਮਸਤੂਆਣਾ ਸਾਹਿਬ ਵਿੱਦਿਆ ਦਾ ਇੱਕ ਵੱਡਾ ਕੇਂਦਰ ਬਣੇ। ਸੰਤ ਬਾਬਾ ਅਤਰ ਸਿੰਘ ਜੀ ਦੇ ਸ਼ਰਧਾਲੂਆਂ ਸਮੇਤ ਇਲਾਕੇ ਦੇ ਸਮੁੱਚੇ ਲੋਕਾਂ ਦੀ ਜ਼ੋਰਦਾਰ ਮੰਗ 'ਤੇ ਪੰਜਾਬ ਸਰਕਾਰ ਮਸਤੂਆਣਾ ਸਾਹਿਬ ਵਿਖੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਬਣਾਉਣ ਲੱਗੀ ਹੈ ਤੇ ਇਸ ਮੰਤਵ ਲਈ ਸੈਂਕੜੇ ਕਰੋੜ ਰੁਪਏ ਦੀਆਂ ਗਰਾਂਟਾਂ ਵੀ ਜਾਰੀ ਕਰ ਚੁੱਕੀ ਹੈ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਸਤੂਆਣਾ ਸਾਹਿਬ ਵਿਖੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਬਣਨ ਨਹੀਂ ਦੇਣਾ ਚਾਹੁੰਦੀ। ਜਿਸ ਕਾਰਨ ਇਲਾਕੇ ਦੇ ਲੋਕਾਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖ਼ਿਲਾਫ਼ ਸੰਘਰਸ਼ ਚੱਲ ਰਿਹਾ ਹੈ ਜਿਸ ਦੀ ਕੜੀ ਵਜੋਂ 21 ਮਈ ਨੂੰ ਇਲਾਕਾ ਭਰ ਵਿੱਚ ਟਰੈਕਟਰ ਮਾਰਚ ਕੀਤਾ ਜਾਣਾ ਹੈ, ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ (ਡਕੌਂਦਾ-ਧਨੇਰ) ਵੱਲੋਂ ਵੱਡੀ ਸ਼ਮੂਲੀਅਤ ਕੀਤੀ ਜਾਵੇਗੀ।

ਪੰਜਾਬ ਦੇ ਭਵਿੱਖ ਨੂੰ ਸੁਨਹਿਰੀ ਬਣਾਉਣਗੇ 'ਸਕੂਲ ਆਫ ਐਮੀਨੈਂਸ' : ਚੱਠਾ

ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਆਮ ਆਦਮੀ ਪਾਰਟੀ ਟਰੇਡ ਵਿੰਗ ਦੇ ਸੂਬਾ ਸਕੱਤਰ ਸਤਿੰਦਰ ਸਿੰਘ ਚੱਠਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਕੂਲ ਆਫ ਐਮੀਨੈਂਸ ਵਿੱਚ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵੱਲ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਵਿਦਿਆਰਥੀਆਂ ਨੂੰ ਵਿੱਦਿਅਕ ਟੂਰ ਕਰਵਾ ਕੇ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਰਾਜ ਸਰਕਾਰ ਦੇ ਇਹ ਉਪਰਾਲੇ ਸਿੱਖਿਆ ਸੁਧਾਰਾਂ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਕਦਮ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਸਕੂਲ ਆਫ ਐਮੀਨੈਂਸ ਪੰਜਾਬ ਦੇ ਬੱਚਿਆਂ ਦਾ ਭਵਿੱਖ ਸੁਨਹਿਰੀ ਬਣਾਉਣ ਵਿੱਚ ਅਹਿਮ ਰੋਲ ਅਦਾ ਕਰਨਗੇ। ਉਨ੍ਹਾ ਕਿਹਾ ਕਿ ਸੂਬੇ ਦੀ ਤਰੱਕੀ ਅਤੇ ਇੱਥੋਂ ਦੇ ਲੋਕਾਂ ਦੀ ਖੁਸ਼ਹਾਲੀ ਲਈ ਉਨ੍ਹਾਂ ਦੀ ਸਰਕਾਰ ਦਾ ਪ੍ਰਮੁੱਖ ਪ੍ਰੋਗਰਾਮ ਹੈ। ਉਨ੍ਹਾ ਕਿਹਾ ਕਿ ਸਰਕਾਰ ਨੇ ਸੂਬੇ ਵਿੱਚ 29 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਹਨ ਅਤੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੇ ਵੱਡੇ ਕਾਰਜ ਨੂੰ ਪੜਾਅਵਾਰ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਪੂਰੀ ਭਰਤੀ ਪ੍ਰਕਿਰਿਆ ਲਈ ਇਕ ਪੁਖਤਾ ਵਿਧੀ ਅਪਣਾਈ ਗਈ ਹੈ। ਉਨ੍ਹਾ ਕਿਹਾ ਕਿ ਜਲੰਧਰ ਲੋਕ ਸਭਾ ਹਲਕੇ ਤੋਂ ਜਿੱਤ ਨਕਾਰਾਤਮਕ, ਢਾਹੂ ਵਿਚਾਰਾਂ ਅਤੇ ਤਾਕਤਾਂ ਦੀ ਰਾਜਨੀਤੀ ਵਿਰੁੱਧ ਜ਼ਬਰਦਸਤ ਫਤਵਾ ਹੈ, ਜਿਨ੍ਹਾਂ ਨੇ ਅਜੋਕੇ ਸਮੇਂ ਵਿੱਚ ਆਪਣੀਆਂ ਅਮਨ-ਸ਼ਾਂਤੀ ਅਤੇ ਪੰਜਾਬ ਵਿਰੋਧੀ ਗਤੀਵਿਧੀਆਂ ਰਾਹੀਂ ਪੰਜਾਬ ਨੂੰ ਅਸਥਿਰ ਕਰਨ ਅਤੇ ਇਸ ਦੀ ਤਰੱਕੀ ਵਿੱਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਇਹ ਉਨ੍ਹਾਂ ਦੀ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਸ਼ੁਰੂ ਕੀਤੀਆਂ ਲੋਕ-ਪੱਖੀ ਅਤੇ ਵਿਕਾਸ-ਪੱਖੀ ਨੀਤੀਆਂ ਦੀ ਜਿੱਤ ਹੈ।

ਮਗਨਰੇਗਾ ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਵਫਦ ਏ ਡੀ ਸੀ (ਵਿਕਾਸ) ਮਾਨਸਾ ਨੂੰ ਮਿਲਿਆ

ਮਾਨਸਾ (ਆਤਮਾ ਸਿੰਘ ਪਮਾਰ) - ਅੱਜ ਇੱਥੇ ਮਗਨਰੇਗਾ ਮਜ਼ਦੂਰਾਂ ਨੂੰ ਦਰਪੇਸ਼ ਸਮੱਸਿਆਵਾਂ ਸੰਬੰਧੀ ਇੱਕ ਵਫਦ ਸੀ.ਪੀ.ਆਈ.(ਐਮ) ਦੇ ਜ਼ਿਲ੍ਹਾ ਸਕੱਤਰ ਐਡਵੋਕੇਟ ਸਵਰਨਜੀਤ ਸਿੰਘ ਦਲਿਓ ਦੀ ਅਗਵਾਈ ਹੇਠ ਉਪਕਾਰ ਸਿੰਘ ਏ.ਡੀ.ਸੀ.(ਵਿਕਾਸ) ਮਾਨਸਾ ਨੂੰ ਮਿਲਿਆ ਅਤੇ ਪਿੰਡ ਬਰਨ (ਸਰਦੂਲਗੜ੍ਹ) ਵਿਖੇ ਮਜ਼ਦੂਰਾਂ ਨੂੰ ਬਿਨਾਂ ਵਜ੍ਹਾ ਖੱਜਲ-ਖੁਆਰ ਕਰਨ ਦਾ ਮਾਮਲਾ ਉਠਾਇਆ। ਜਿਸ ਸੰਬੰਧੀ ਉਕਤ ਅਧਿਕਾਰੀ ਨੇ ਫੌਰੀ ਪੜਤਾਲ ਦੇ ਆਦੇਸ਼ ਜਾਰੀ ਕੀਤੇ। ਇਸ ਮੌਕੇ ਮਗਨਰੇਗਾ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਕਾ.ਸਿਮਰੂ ਸਿੰਘ, ਕਾ. ਗੁਰਪ੍ਰੀਤ ਸਿੰਘ ਬਰਨ ਆਦਿ ਵੀ ਮੌਜੂਦ ਸਨ। ਇਸ ਸੰਬੰਧੀ ਕਮਿਊਨਿਸਟ ਆਗੂ ਕਾਮਰੇਡ ਦਲਿਓ ਨੇ ਦੱਸਿਆ ਕਿ ਜ਼ਿਲ੍ਹੇ ਭਰ ਵਿੱਚ ਮਗਨਰੇਗਾ ਸਕੀਮ ਵਿੱਚ ਵੱਡੇ ਪੱਧਰ 'ਤੇ ਘਪਲੇਬਾਜ਼ੀਆਂ- ਧਾਂਦਲੀਆਂ ਹਨ। ਜਾਅਲੀ ਵਿਅਕਤੀਆਂ ਦੀਆਂ ਹਾਜਰੀਆਂ ਲਗਾ ਕੇ ਦਿਹਾੜੀਆਂ ਦੇ ਪੈਸੇ ਹੜੱਪੇ ਜਾ ਰਹੇ ਹਨ ਅਤੇ ਮਗਨਰੇਗਾ ਮਜ਼ਦੂਰਾਂ ਨੂੰ ਜਥੇਬੰਦ ਹੋਣ ਤੋਂ ਰੋਕਣ ਲਈ ਵੀ ਕੋਝੇ ਹੱਥਕੰਡੇ ਵਰਤੇ ਜਾ ਰਹੇ ਹਨ। ਅਜਿਹਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਮਿਊਨਿਸਟ ਆਗੂ ਨੇ ਕਿਹਾ ਕਿ ਸਰਦੂਲਗੜ੍ਹ ਤਹਿਸੀਲ ਦੇ ਪਿੰਡ ਬਰਨ ਵਿਖੇ ਮਗਨਰੇਗਾ ਸਕੀਮ ਦੀ ਸੈਕਟਰੀ ਅਤੇ ਇੱਕ ਮੇਟ ਦਾ ਵਰਤਾਉ ਮਜ਼ਦੂਰਾਂ ਪ੍ਰਤੀ ਕਾਫੀ ਨਿੰਦਣਯੋਗ ਹੈ ਅਤੇ ਜੇਕਰ ਉਕਤ ਦੋਵਾਂ ਨੇ ਸੁਧਾਰ ਨਾ ਕੀਤਾ ਤਾਂ ਮਗਨਰੇਗਾ ਮਜ਼ਦੂਰ ਯੂਨੀਅਨ (ਸੀਟੂ) ਸਖਤ ਕਦਮ ਚੁੱਕਣ ਲਈ ਮਜਬੂਰ ਹੋਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ, ਗੁਰਦੀਪ ਸਿੰਘ, ਗੁਰਮੇਲ ਸਿੰਘ, ਪਰਵੀਨ ਕੌਰ, ਬਲਜੀਤ ਕੌਰ, ਜਸਮੇਲ ਕੌਰ, ਸਿਮਰਜੀਤ ਕੌਰ, ਗੁਰਮੇਲ ਕੌਰ, ਗੁਰਜੀਤ ਕੌਰ, ਮੁਖਤਿਆਰ ਕੌਰ ਆਦਿ ਵੀ ਮੌਜੂਦ ਸਨ

ਜ਼ਿਲ੍ਹਾ ਪੁਲਸ ਵੱਲੋਂ ਨਸ਼ੇ ਖਿਲਾਫ ਵਿੱਢੀ ਸਖਤ ਮੁਹਿੰਮ

ਭੰਗ ਚੜੀ ਨੂੰ ਸੀਲ ਕਰ ਸਵੇਰੇ 5 ਤੋਂ 8 ਵਜੇ ਤੱਕ ਚੱਲਿਆ ਸਰਚ ਅਭਿਆਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ /ਪੂਜਾ)- ਹਰਮਨਬੀਰ ਸਿੰਘ ਗਿੱਲ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹਾ ਨੂੰ ਨਸ਼ਾ ਮੁਕਤ ਕਰਨ ਦਾ ਟੀਚਾ ਮਿੱਥਿਆ ਹੋਇਆ ਹੈ, ਜਿਸ ਦੇ ਚਲਦਿਆ ਨਸ਼ੇ ਖਿਲਾਫ ਦਿਨ ਪ੍ਰਤੀ ਦਿਨ ਕਾਰਵਾਈ ਕੀਤੀ ਜਾ ਰਹੀ ਹੈ। ਜਿੱਥੇ ਨਸ਼ੇ ਦੇ ਸੁਦਾਗਰਾਂ ਨੂੰ ਫੜ ਕੇ ਉਨ੍ਹਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾ ਰਹੀ ਉੱਥੇ ਹੀ ਲੋਕਾਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨ ਲਈ ਪਿੰਡਾਂ/ਸ਼ਹਿਰਾਂ ਅਤੇ ਸਕੂਲਾਂ/ਕਾਲਜਾਂ ਵਿੱਚ ਸੈਮੀਨਰ ਲਗਾਏ ਜਾ ਰਹੇ ਹਨ।

ਇਸੇ ਤਹਿਤ ਹੀ ਅੱਜ ਚੜ੍ਹਦੀ ਸਵੇਰ 5 ਵਜੇ ਵੱਡੀ ਗਿਣਤੀ ਵਿੱਚ ਪੁਲਸ ਮੁਲਾਜ਼ਮ ਜਿਸ ਦੀ ਅਗਵਾਈ ਕੁਲਵੰਤ ਰਾਏ ਐਸ.ਪੀ.(ਐੱਚ) ਵੱਲੋਂ ਕੀਤੀ ਗਈ, ਉਨ੍ਹਾਂ ਨਾਲ ਬਲਕਾਰ ਸਿੰਘ ਡੀ.ਐਸ.ਪੀ ਮਲੋਟ, ਇੰਸਪੈਕਟਰ ਬਲਵੰਤ ਸਿੰਘ ਮੁੱਖ ਅਫਸਰ ਥਾਣਾ ਕਬਰਵਾਲਾ, ਇੰਸਪੈਕਟਰ ਮਲਕੀਤ ਸਿੰਘ ਮੁੱਖ ਅਫਸਰ ਥਾਣਾ ਲੱਖੇਵਾਲੀ ਸਮੇਤ ਕੁੱਲ 100 ਦੇ ਕਰੀਬ ਪੁਲਸ ਕਰਮਚਾਰੀਆਂ ਵੱਲੋਂ ਵੱਖ ਵੱਖ ਟੀਮਾਂ ਬਣਾ ਕੇ ਪਿੰਡ ਭੰਗ ਚੜੀ ਨੂੰ ਸੀਲ ਕਰਕੇ ਇੱਕ ਵਿਉਂਤਬੰਦੀ ਨਾਲ ਸਰਚ ਕੀਤਾ ਗਿਆ। ਇਸ ਮੌਕੇ ਐਸ ਪੀ ਕੁਲਵੰਤ ਰਾਏ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿੰਡ ਭੰਗ ਚੜੀ ਵਿੱਚ ਸਾਨੂੰ ਕੁਝ ਦਿਨਾਂ ਤੋਂ ਸ਼ਿਕਾਇਤਾਂ ਮਿਲ ਰਹੀਆ ਸਨ ਜਿਸ ਦੇ ਤਹਿਤ ਪੁਲਸ ਵੱਲੋਂ ਕਾਰਵਾਈ ਕਰਦੇ ਹੋਏ ਪੂਰੇ ਪਿੰਡ ਨੂੰ ਸੀਲ ਕਰਕੇ ਪਿੰਡ ਤੋਂ ਅੰਦਰ ਅਤੇ ਬਾਹਰ ਜਾਣ ਵਾਲੇ ਰਸਤਿਆਂ 'ਤੇ ਨਾਕਾਬੰਦੀ ਕੀਤੀ ਗਈ ਅਤੇ ਪਿੰਡ ਦੇ ਮੋਹਤਬਰ ਵਿਅਕਤੀਆਂ ਨੂੰ ਨਾਲ ਲੈ ਕੇ ਸ਼ੱਕੀ ਵਿਅਕਤੀਆਂ ਦੇ ਘਰਾਂ ਵਿੱਚ ਤਲਾਸ਼ੀ ਮੁਹਿੰਮ ਚਲਾਈ ਗਈ। ਤਲਾਸ਼ੀ ਦੌਰਾਨ ਸ਼ੱਕੀ ਵਿਅਕਤੀਆਂ ਦੇ ਘਰਾਂ ਵਿੱਚ ਖੜ੍ਹੇ ਵਹੀਕਲਾਂ ਦੇ ਕਾਗਜ਼ਾਤ ਵੀ ਚੈੱਕ ਕੀਤੇ ਗਏ। ਉਨ੍ਹਾਂ ਦੱਸਿਆ ਕਿ ਇਸ ਤਲਾਸ਼ੀ ਮੁਹਿੰਮ ਤਹਿਤ 40 ਨਸ਼ੀਲੀਆਂ ਗੋਲੀਆਂ, 3.500 ਕਿਲੋਗ੍ਰਾਮ ਪੋਸਤ, 52 ਅਧੀਆ ਵੋਦਕਾ ਨਜਾਇਜ਼ ਸ਼ਰਾਬ ਅਤੇ 107 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕਰ 5 ਵਿਅਕਤੀਆਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਨਸ਼ਿਆਂ ਖਿਲਾਫ ਕਾਰਵਾਈ ਇਸੇ ਤਰਾਂ ਜਾਰੀ ਰਹੇਗੀ

'ਮੇਰੀ ਲਾਈਫ, ਮੇਰਾ ਸਵੱਛ ਸ਼ਹਿਰ' ਮੁਹਿੰਮ: 04 ਆਰ.ਆਰ.ਆਰ. ਸੈਂਟਰਜ਼ ਦਾ ਉਦਘਾਟਨ

ਐੱਸ.ਏ.ਐੱਸ. ਨਗਰ, (ਗੁਰਜੀਤ ਬਿੱਲਾ)-ਨਵਜੋਤ ਕੌਰ, ਕਮਿਸ਼ਨਰ, ਨਗਰ ਨਿਗਮ, ਮੋਹਾਲੀ ਵੱਲੋਂ 'ਮੇਰੀ ਲਾਈਫ, ਮੇਰਾ ਸਵੱਛ ਸ਼ਹਿਰ' ਜਿਹੜਾ ਕਿ 5 ਜੂਨ ਤੱਕ ਚੱਲਣ ਵਾਲਾ ਪ੍ਰੋਗਰਾਮ ਹੈ, ਤਹਿਤ 4 ਆਰ ਆਰ ਆਰ ਰੀਸਾਈਕਲ, ਰਡਿਊਸ, ਰੀਯੂਜ਼ ਸੈਂਟਰਾਂ ਦਾ ਉਦਘਾਟਨ ਕੀਤਾ ਗਿਆ ਹੈ। ਨਵਜੋਤ ਕੌਰ ਨੇ ਦੱਸਿਆ ਕਿ ਇਨ੍ਹਾਂ ਸੈਂਟਰਾਂ ਵਿੱਚ ਐਸ.ਏ.ਐਸ.ਨਗਰ ਵਾਸੀ ਆਪਣੇ ਘਰਾਂ ਵਿੱਚ ਵਾਧੂ ਪਏ ਸਮਾਨ ਜਿਵੇਂ ਕਿ ਵਰਤਣਯੋਗ ਕੱਪੜੇ, ਪੁਰਾਣੀਆਂ ਕਿਤਾਬਾਂ ਅਤੇ ਸਟੇਸ਼ਨਰੀ, ਖਿਡੌਣੇ, ਫਰਨੀਚਰ, ਬੂਟ, ਬੈਗ ਅਤੇ ਇਲੈਟ੍ਰੋਨਿਕ ਸਮਾਨ, ਆਦਿ ਜਮ੍ਹਾਂ ਕਰਵਾ ਸਕਦੇ ਹਨ।

ਉਨ੍ਹਾ ਅਨੁਸਾਰ ਐਸ.ਏ.ਐਸ.ਨਗਰ ਸ਼ਹਿਰ ਦੇ ਕਈ ਵਾਸੀਆਂ ਨੂੰ ਘਰ ਵਿੱਚ ਵਾਧੂ ਪਏ ਸਮਾਨ ਦਾ ਨਿਪਟਾਰਾ ਕਰਨ ਵਿੱਚ ਭਾਰੀ ਦਿੱਕਤ ਪੇਸ਼ ਆ ਰਹੀ ਹੈ, ਉਨ੍ਹਾਂ ਦੀ ਸਹੂਲਤ ਲਈ ਉਕਤ ਸੈਂਟਰ ਬਹੁਤ ਲਾਹੇਵੰਦ ਹੋਣਗੇ। ਇਨ੍ਹਾਂ ਸੈਂਟਰਾਂ ਵਿੱਚ ਇਕੱਠਾ ਕੀਤਾ ਸਮਾਨ ਕੋਈ ਵੀ ਲੋੜਵੰਦ ਵਿਅਕਤੀ ਆਪਣੀ ਲੋੜ ਮੁਤਾਬਕ ਲੈ ਕੇ ਜਾ ਸਕਦਾ ਹੈ। ਨਗਰ ਨਿਗਮ, ਐਸ.ਏ.ਐਸ.ਨਗਰ ਵੱਲੋਂ ਚਾਰ ਕੁਲੈਕਸਨ ਸੈਂਟਰ ਸੈਕਟਰ 54, 65 ਅਤੇ ਸੈਕਟਰ 71 ਦੇ ਕਮਿਊਨਿਟੀ ਸੈਂਟਰ ਅਤੇ ਸੈਕਟਰ 56 ਦੇ ਰੈਣ ਬਸੇਰਾ ਵਿਖੇ ਸਥਾਪਤ ਕੀਤੇ ਗਏ ਹਨ। ਜਿੱਥੇ ਐਸ.ਏ.ਐਸ.ਨਗਰ ਵਾਸੀ ਆਪਣਾ ਪੁਰਾਣਾ ਸਮਾਨ ਮੁੜ ਵਰਤੋਂ ਲਈ ਜਮ੍ਹਾਂ ਕਰਵਾ ਸਕਦੇ ਹਨ।

ਸ਼ਹਿਰ ਵਾਸੀ ਨਗਰ ਨਿਗਮ, ਐਸ.ਏ.ਐਸ.ਨਗਰ ਦੇ ਵੱਟਸਐਪ ਨੰਬਰ:- 94637-75070 ਅਤੇ ਟੋਲ ਫ੍ਰੀ ਨੰਬਰ :- 18001370007 'ਤੇ ਸੰਪਰਕ ਕਰਕੇ ਵਧੇਰੀ ਜਾਣਕਾਰੀ ਲੈ ਸਕਦੇ ਹਨ। ਕਿਰਨ ਸ਼ਰਮਾ, ਸੰਯੁਕਤ ਕਮਿਸ਼ਨਰ ਵੱਲੋਂ ਸ਼ਹਿਰ ਵਾਸੀਆਂ ਨੂੰ ਮੇਰੀ ਲਾਈਫ, ਮੇਰਾ ਸਵੱਛ ਸ਼ਹਿਰ ਮੁਹਿੰਮ ਵਿੱਚ ਐਸ.ਏ.ਐਸ.ਨਗਰ ਨੂੰ ਸਾਫ ਅਤੇ ਸਵੱਛ ਬਣਾਉਣ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਦੀ ਅਪੀਲ ਕੀਤੀ ਗਈ ਹੈ।

ਨੌਜਵਾਨ ਭਾਰਤ ਸਭਾ ਵੱਲੋਂ ਪਹਿਲਵਾਨਾਂ ਦੇ ਹੱਕ 'ਚ ਰੋਸ ਮੁਜ਼ਾਹਰਾ ਕਰਨ ਦਾ ਐਲਾਨ

ਪਾਤੜਾਂ - (ਨਿਸ਼ਾਨ ਸਿੰਘ ਬਣਵਾਲਾ)-ਜਿਨਸੀ ਸ਼ੋਸ਼ਣ ਦਾ ਸਾਹਮਣਾ ਕਰ ਰਹੀਆਂ ਮਹਿਲਾ ਪਹਿਲਵਾਨ ਵੱਲੋਂ ਦਿੱਲੀ ਦੇ ਜੰਤਰ ਮੰਤਰ ਵਿਖੇ ਇਨਸਾਫ ਦੀ ਮੰਗ ਨੂੰ ਲੈ ਕੇ ਚਲ ਰਹੇ ਪੱਕੇ ਮੋਰਚੇ ਦੇ ਹੱਕ ਵਿਚ ਨੌਜਵਾਨਾਂ ਨੂੰ ਲਾਮਬੰਦ ਕਰਨ ਦੇ ਮਕਸਦ ਨਾਲ ਨੌਜਵਾਨ ਭਾਰਤ ਸਭਾ ਵੱਲੋਂ ਵਿਖੇ ਇਕ ਵਿਸ਼ਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਪਾਸ ਇਕ ਮਤੇ ਰਾਹੀਂ ਜਥੇਬੰਦੀ ਵੱਲੋਂ ਮਹਿਲਾ ਪਹਿਲਵਾਨਾਂ ਦੇ ਹੱਕ ਵਿੱਚ ਪਟਿਆਲਾ ਜ਼ਿਲ੍ਹੇ ਦੇ ਪਿੰਡਾਂ ਵਿੱਚ ਮੀਟਿੰਗਾਂ ਅਤੇ ਰੋਸ ਰੈਲੀਆਂ ਕਰਨ ਮਗਰੋਂ ਸਮਾਣਾ ਵਿਖੇ ਰੋਸ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਨੌਜਵਾਨ ਭਾਰਤ ਸਭਾ ਦੇ ਸੂਬਾ ਆਗੂ ਦਵਿੰਦਰ ਛਬੀਲਪੁਰ ਤੇ ਜ਼ਿਲ੍ਹਾ ਸਕੱਤਰ ਖੁਸ਼ਵੰਤ ਹਨੀ ਨੇ ਕਿਹਾ ਕਿ ਪਹਿਲਵਾਨ ਲੜਕੀਆਂ ਦਾ ਜਿਨਸੀ ਸ਼ੋਸ਼ਣ ਕਰਨ ਵਾਲੇ ਭਾਜਪਾ ਦੇ ਐਮ ਪੀ ਅਤੇ ਕੁਸ਼ਤੀ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਬ੍ਰਿਜ ਭੂਸ਼ਨ ਨੂੰ ਸਾਰੇ ਅਹੁਦਿਆਂ ਤੋਂ ਬਰਖਾਸਤ ਕਰਕੇ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕਰਦਿਆਂ ਕ

22-MAY-PAGE-7.qxd 5/21/2023 9:55 PM Page 1

ਕਿਰਤੀ ਕਿਸਾਨ ਯੂਨੀਅਨ ਵੱਲੋਂ 26 ਨੂੰ ਮੋਗਾ 'ਚ ਵਿਸ਼ਾਲ ਰੈਲੀ

ਸੂਬੇ ਭਰ 'ਚੋਂ ਹਜ਼ਾਰਾਂ ਕਿਸਾਨ ਕਰਨਗੇ ਸ਼ਮੂਲੀਅਤ

ਮੋਗਾ (ਅਮਰਜੀਤ ਬੱਬਰੀ)-ਕਿਰਤੀ ਕਿਸਾਨ ਯੂਨੀਅਨ ਵੱਲੋਂ ਹਰ ਖੇਤ ਤੱਕ ਨਹਿਰੀ ਤੇ ਹਰ ਘਰ ਤੱਕ ਸਾਫ਼ ਪੀਣ ਯੋਗ ਪਾਣੀ ਪਹੁੰਚਦਾ ਕਰਨ, ਕਿਸਾਨੀ ਦੀ ਕਰਜ਼ਾ-ਮੁਕਤੀ ਲਈ, ਕੁਦਰਤ ਤੇ ਵਾਤਾਵਰਣ ਪੱਖੀ ਤੇ ਹੰਢਣਸਾਰ ਬਦਲਵੇਂ ਖੇਤੀ ਮਾਡਲ ਨੂੰ ਲਾਗੂ ਕਰਵਾਉਣ, ਸਾਰੀ ਖੇਤੀ ਪੈਦਾਵਾਰ ਦੀ ਸਵਾਮੀਨਾਥਨ ਫਾਰਮੂਲੇ ਤਹਿਤ ਐਮ.ਐਸ.ਪੀ. 'ਤੇ ਖਰੀਦ ਦਾ ਗਾਰੰਟੀ ਕਾਨੂੰਨ ਬਣਾਉਣ, ਆਬਾਦਕਾਰਾਂ ਨੂੰ ਉਜਾੜਨਾ ਬੰਦ ਕਰਕੇ ਮਾਲਕੀ ਹੱਕ ਦੇਣ ਤੇ ਭਾਰਤ-ਪਾਕਿਸਤਾਨ ਵਪਾਰ ਲਈ ਅਟਾਰੀ ਤੇ ਹੁਸੈਨੀਵਾਲਾ ਸੜਕੀ ਲਾਂਘੇ ਖੋਲ੍ਹਣ ਆਦਿ ਮੰਗਾਂ ਨੂੰ ਲੈ ਕੇ ਮੋਗਾ ਵਿਖੇ 26 ਮਈ ਨੂੰ ਵਿਸ਼ਾਲ ਰੈਲੀ ਵਿੱਚ ਹਜ਼ਾਰਾਂ ਕਿਸਾਨ ਸ਼ਮੂਲੀਅਤ ਕਰਨਗੇ। ਯੂਨੀਅਨ ਦੀ ਸੂਬਾ ਟੀਮ ਦੀ ਅਗਵਾਈ ਹੇਠ ਜ਼ਿਲ੍ਹਾ, ਬਲਾਕ ਤੇ ਪਿੰਡ ਇਕਾਈਆਂ ਨੇ ਇਸ ਰੈਲੀ ਦੀ ਸਫ਼ਲਤਾ ਲਈ ਜ਼ੋਰਦਾਰ ਤਿਆਰੀ ਮੁਹਿੰਮ ਵਿੱਢੀ ਹੋਈ ਹੈ। ਪ੍ਰਚਾਰ-ਪ੍ਰਾਪੇਗੰਡੇ ਲਈ ਘਰ-ਘਰ ਰੈਲੀ ਦਾ ਸੁਨੇਹਾ ਪਹੁੰਚਾਉਣ ਲਈ ਦੋ ਲੱਖ ਦੀ ਗਿਣਤੀ 'ਚ ਦੋ-ਵਰਕੀ, ਪੰਜਾਹ ਹਜ਼ਾਰ ਪੋਸਟਰ ਤੋਂ ਇਲਾਵਾ ਪਿੰਡਾਂ 'ਚ ਮੀਟਿੰਗਾਂ ਤੇ ਇਕੱਠ ਕਰਨ ਦਾ ਸਿਲਸਿਲਾ ਜਾਰੀ ਹੈ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਜਨਰਲ ਸਕੱਤਰ ਰਜਿੰਦਰ ਸਿੰਘ ਦੀਪਸਿੰਘਵਾਲਾ, ਸੂਬਾ ਮੀਤ ਪ੍ਰਧਾਨ ਜਤਿੰਦਰ ਸਿੰਘ ਛੀਨਾ ਹਰਮੇਸ਼ ਢੇਸੀ, ਪ੍ਰੈੱਸ ਸਕੱਤਰ ਰਾਮਿੰਦਰ ਸਿੰਘ ਪਟਿਆਲਾ, ਸੂਬਾ ਖਜ਼ਾਨਚੀ ਜਸਵਿੰਦਰ ਸਿੰਘ ਝਬੇਲਵਾਲੀ ਤੇ ਸੂਬਾ ਕਮੇਟੀ ਮੈਂਬਰ ਚਮਕੌਰ ਸਿੰਘ ਨੇ ਦੱਸਿਆ ਕਿ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਖੇਤੀ ਸੰਕਟ ਨੂੰ ਹੱਲ ਕਰਨ ਲਈ ਫ਼ਸਲੀ-ਵਿਭਿੰਨਤਾ ਦੇ ਦਾਅਵੇ ਮਹਿਜ ਕਾਗਜ਼ੀ ਇਸ਼ਤਿਹਾਰ ਬਣ ਕੇ ਰਹਿ ਗਏ ਹਨ। ਖੇਤੀ ਸੰਕਟ ਦੀ ਬੁਨਿਆਦੀ ਜੜ੍ਹ ਹਰੇ ਇਨਕਲਾਬ ਦੇ ਕਾਰਪੋਰੇਟ ਪੱਖੀ ਖੇਤੀ ਵਿਕਾਸ ਮਾਡਲ ਵਿੱਚ ਪਈ ਹੈ, ਜਿਸ ਨੇ ਅੱਜ ਕਿਸਾਨੀ ਦਾ ਵਾਲ-ਵਾਲ ਕਰਜ਼ਾਈ ਕਰਨ ਦੇ ਨਾਲ ਨਾਲ ਪਾਣੀ ਤੇ ਵਾਤਾਵਰਨ ਦਾ ਸੰਕਟ ਖੜਾ ਕਰ ਦਿੱਤਾ ਹੈ। ਇਸ ਮਾਡਲ ਨੂੰ ਆਤਮ-ਨਿਰਭਰ, ਜ਼ਹਿਰ ਮੁਕਤ ਕੁਦਰਤ ਪੱਖੀ ਤੇ ਲਾਭਕਾਰੀ ਖੇਤੀ ਮਾਡਲ ਨਾਲ ਬਦਲਣ ਦੀ ਲੋੜ ਹੈ, ਪਰ ਅਜਿਹਾ ਕਰਨ ਤੋਂ ਘੋਸਲ ਵੱਟੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਕਿਰਤੀ ਕਿਸਾਨ ਯੂਨੀਅਨ ਨੇ 'ਬਦਲਵੇਂ ਖੇਤੀ ਮਾਡਲ ਨੂੰ ਲਾਗੂ ਕਰੋ' ਤੇ ਕਰਜ਼ਾ ਮੁਕਤੀ ਦੀ ਮੰਗ ਨੂੰ ਲੈ ਕੇ ਮੁਹਿੰਮ ਵਿੱਢੀ ਹੋਈ ਹੈ, ਜਿਸ ਤਹਿਤ ਹੀ ਯੂਨੀਅਨ ਜਿੱਥੇ ਸਾਰੀ ਖੇਤੀ ਪੈਦਾਵਾਰ ਲਈ ਸਵਾਮੀਨਾਥਨ ਫਾਰਮੂਲੇ ਨਾਲ ਐੱਮ.ਐੱਸ.ਪੀ. 'ਤੇ ਖਰੀਦ ਦੀ ਗਾਰੰਟੀ ਦਾ ਕਾਨੂੰਨ ਬਣਾਏ ਜਾਣ ਦੀ ਮੰਗ ਕਰ ਰਹੀ ਹੈ, ਉਥੇ ਨਾਲ ਹੀ ਪਾਣੀ ਦੀ ਸੰਭਾਲ ਤੇ ਪੜਾਅਵਾਰ ਜ਼ਹਿਰ ਮੁਕਤ ਖੇਤੀ ਵੱਲ ਵਧਣ ਤੇ ਕਰਜ਼ਾ ਮੁਕਤੀ ਦੀ ਸਰਕਾਰਾਂ ਤੋਂ ਮੰਗ ਵੀ ਕਰ ਰਹੀ ਹੈ।

ਜਥੇਬੰਦੀ ਨੇ ਭਾਈ ਗੁਰਸ਼ਰਨ ਸਿੰਘ (ਮੰਨਾ ਸਿੰਘ) ਦੀ ਬੇਟੀ ਡਾ. ਨਵਸਰਨ ਨੂੰ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਈ.ਡੀ. ਵੱਲੋਂ ਪੁੱਛ-ਗਿੱਛ ਕਰਨ ਦੇ ਨਾਂਅ ਹੇਠ ਤੰਗ ਪ੍ਰੇਸ਼ਾਨ ਕਰਨ ਦਾ ਸਖਤ ਨੋਟਿਸ ਲੈਂਦਿਆਂ ਮੋਦੀ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਸਰਕਾਰ ਦੇ ਇਸ ਕਦਮ ਦਾ ਕਿਰਤੀ ਕਿਸਾਨ ਯੂਨੀਅਨ ਜ਼ੋਰਦਾਰ ਵਿਰੋਧ ਕਰੇਗੀ। ਕਿਸਾਨ ਆਗੂਆਂ ਨੇ ਕਿਹਾ ਕਿ 26 ਮਈ ਦੀ ਮੋਗਾ ਰੈਲੀ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ, ਨਿਰਮਲ ਸਿੰਘ ਘਾਲੀ, ਜਸਮੇਲ ਸਿੰਘ ਰਾਜਿਆਣਾ ਬਲਾਕ ਪ੍ਰੈੱਸ ਸਕੱਤਰ ਬਾਘਾ ਪੁਰਾਣਾ, ਬਲਾਕ ਪ੍ਰਧਾਨ ਬੇਅੰਤ ਸਿੰਘ ਮੱਲੇਆਣਾ, ਗੁਰਮੀਤ ਸਿੰਘ ਪੁਰਾਣੇਵਾਲਾ, ਦਲਜੀਤ ਦਫਤਰ ਸੈਕਟਰੀ ਹਾਜ਼ਰ ਸਨ।

ਸੀ ਪੀ ਆਈ ਬਰਾਂਚ ਜਗਰਾਉਂ ਦੀ ਮੀਟਿੰਗ

ਮੁੱਲਾਂਪੁਰ ਦਾਖਾ, (ਗੁਰਮੇਲ ਸਿੰਘ ਮੈਲਡੇ)-ਜਗਰਾਉਂ ਵਿਖੇ ਸੀ ਪੀ ਆਈ ਬਰਾਂਚ ਜਗਰਾਉਂ ਦੀ ਮੀਟਿੰਗ ਸਾਥੀ ਰਾਮ ਜੀ ਦਾਸ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕਿਹਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਬਿਜਲੀ ਦੀਆਂ ਦਰਾਂ ਵਿੱਚ ਵਾਧੇ ਕਰਕੇ ਗਰੀਬ ਤੇ ਦਰਮਿਆਨੇ ਤਬਕੇ ਦੇ ਲੋਕਾਂ ਉੱਤੇ ਭਾਰੀ ਬੋਝ ਪਾਇਆ ਹੈ, ਜਿਸ ਨੂੰ ਤੁਰੰਤ ਵਾਪਸ ਲੈਣਾ ਚਾਹੀਦਾ ਹੈ। ਜਲੰਧਰ ਲੋਕ ਸਭਾ ਦੀ ਸੀਟ ਜਿੱਤਣ ਤੋਂ ਬਾਅਦ ਸਰਕਾਰ ਦੀ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਹੋਰ ਵੀ ਬਹੁਤ ਜ਼ਿੰਮੇਵਾਰੀ ਵਧ ਗਈ ਹੈ। ਜ਼ਰੂਰੀ ਸੇਵਾਵਾਂ ਸਿੱਖਿਆ, ਸਿਹਤ, ਜਾਨ ਮਾਲ ਦੀ ਰਾਖੀ, ਬੇਰੁਜ਼ਗਾਰੀ ਖਤਮ ਕਰਨਾ, ਸਰਕਾਰੀ ਮੁਲਾਜ਼ਮ/ ਪੈਨਸ਼ਨਰ, ਕਿਸਾਨ-ਮਜ਼ਦੂਰ ਤੇ ਆਮ ਲੋਕਾਂ ਦੇ ਮਸਲੇ ਸਰਕਾਰ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨੇ ਚਾਹੀਦੇ ਹਨ। ਸੀ ਪੀ ਆਈ ਬਲਾਕ ਜਗਰਾਓਂ ਦੇ ਜਨਰਲ ਸਕੱਤਰ ਕਾ. ਚਮਕੌਰ ਸਿੰਘ ਦੌਧਰ ਨੇ ਦੱਸਿਆ ਕਿ ਜੇਕਰ ਪੰਜਾਬ ਰੋਡਵੇਜ਼ ਨੂੰ ਸਹੀ ਢੰਗ ਨਾਲ ਚਲਾਇਆ ਜਾਵੇ ਤਾਂ ਸਰਕਾਰੀ ਖਜ਼ਾਨਾ ਭਰਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਜਾ ਸਕਦਾ ਹੈ, ਜਿਸ ਦੀ ਉਦਾਹਰਣ ਸਾਡੇ ਗੁਆਂਢੀ ਸੂਬੇ ਹਰਿਆਣੇ ਤੋਂ ਲਈ ਜਾ ਸਕਦੀ ਹੈ। ਅੱਜ ਪ੍ਰਾਈਵੇਟ ਟਰਾਂਸਪੋਰਟ ਮਾਫੀਆ ਪੰਜਾਬ ਅੰਦਰ ਦਿਨੋਂ ਦਿਨ ਖੁਸ਼ਹਾਲ ਹੋ ਰਿਹਾ ਹੈ। ਮੀਟਿੰਗ ਵਿੱਚ ਇਹ ਵੀ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਕਿ ਸਾਡੇ ਦੇਸ਼ ਦੇ ਪਹਿਲਵਾਨ ਆਪਣੇ ਹੱਕ ਤੇ ਇਨਸਾਫ ਲਈ ਸੰਘਰਸ਼ ਕਰ ਰਹੇ ਹਨ ਅਤੇ ਮੀਟਿੰਗ ਵਿੱਚ ਉਨ੍ਹਾਂ ਦੇ ਸੰਘਰਸ਼ ਦੀ ਹਮਾਇਤ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ। ਇਸ ਸਮੇਂ ਹੋਰ ਵੀ ਕਾਫੀ ਸਾਥੀ ਮੌਜੂਦ ਸਨ।

ਅੰਨ੍ਹੇ ਕਤਲ ਦੀ ਗੁੱਥੀ ਸੁਲਝਾਉਂਦਿਆਂ ਦੋ ਮੁਲਜ਼ਮ ਕੀਤੇ ਸਲਾਖਾਂ ਪਿੱਛੇ

ਮਲੇਰਕੋਟਲਾ (ਅਸਗਰ ਪਰਿਹਾਰ)-ਜ਼ਿਲ੍ਹਾ ਮਲੇਰਕੋਟਲਾ ਦੀ ਪੁਲਸ ਵੱਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਇਆ ਪਿਛਲੇ ਦਿਨੀਂ ਸ਼ਹਿਰ ਮਲੇਰਕੋਟਲਾ ਦੇ ਨਜ਼ਦੀਕੀ ਪਿੰਡ ਰਟੋਲਾਂ ਦੇ ਮੋਨ ਰੋਡ 'ਤੇ ਟਰੱਕ ਚਾਲਕ ਦੇ ਡਲਿਵਰੀਮੈਨ ਦੇ ਅੰਨ੍ਹੇ ਕਤਲ ਕੇਸ ਨੂੰ ਸੁਲਝਾ ਕੇ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ। ਸ੍ਰੀ ਦੀਪਕ ਹਿਲੋਰੀ, ਆਈ.ਪੀ.ਐੱਸ. ਮਾਨਯੋਗ ਸੀਨੀਅਰ ਕਪਤਾਨ ਪੁਲਸ ਮਲੇਰਕੋਟਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ 10 ਮਈ 2023 ਨੂੰ ਮੁਦੱਈ ਮੁਕੱਦਮਾ ਕਵਰ ਸਿੰਘ ਪੁੱਤਰ ਸੱਤਪਾਲ ਸਿੰਘ ਵਾਸੀ ਪਮਰਤਾ ਥਾਣਾ ਸਦਰ ਟੋਹਾਣਾ ਜ਼ਿਲ੍ਹਾ ਫਤਿਹਾਬਾਦ ਤੇ ਡਲਿਵਰੀਮੈਨ ਮਹਿੰਦਰ ਸ਼ਰਮਾ ਪੁੱਤਰ ਮੇਘ ਰਾਜ ਵਾਸੀ ਪਿੰਡ ਪ੍ਰਭੂਵਾਲਾ ਥਾਣਾ ਉਕਲਾਣਾ ਮੰਡੀ ਜ਼ਿਲ੍ਹਾ ਹਿਸਾਰ (ਹਰਿਆਣਾ) ਜੋ ਮਾਰਬਲ ਚਾਹ ਕੰਪਨੀ ਦੀ ਗੱਡੀ ਟਾਟਾ ਐੱਲ ਪੀ ਟੀ ਨੰਬਰੀ ਐੱਚ ਆਰ-39 ਸੀ-1721 ਵਿੱਚ ਉਕਲਾਣਾ ਮੰਡੀ ਤੋਂ ਚਾਹ ਪੱਤੀ ਲੋਡ ਕਰਕੇ ਜਲੰਧਰ ਗਏ ਸੀ ਤੇ ਗੱਡੀ ਖਾਲੀ ਕਰਕੇ ਵਾਪਸੀ 'ਤੇ ਕਰੀਬ 10.30 ਪੀ.ਐੱਮ. ਬਾਹੱਦ ਪਿੰਡ ਰਟੋਲਾ ਪੁੱਜੇ ਤਾਂ ਗੱਡੀ ਦੇ ਪਿੱਛੋਂ ਇੱਕ ਮੋਟਰਸਾਈਕਲ, ਜਿਸ 'ਤੇ ਦੋ ਮੋਨੇ ਵਿਅਕਤੀ ਸਵਾਰ ਸਨ ਆਏ, ਜਿਨ੍ਹਾਂ ਨੇ ਗੱਡੀ ਦੇ ਅੱਗੇ ਮੋਟਰਸਾਈਕਲ ਲਗਾ ਕੇ ਗੱਡੀ ਰੋਕ ਲਈ, ਜਿਨ੍ਹਾਂ ਵਿੱਚ ਮੋਟਰਸਾਈਕਲ ਦੇ ਪਿੱਛੇ ਬੈਠੇ ਵਿਅਕਤੀ ਨੇ ਗੱਡੀ ਦੀ ਚਾਬੀ ਕੱਢ ਲਈ ਤੇ ਗੱਡੀ ਵਿੱਚ ਚੜ੍ਹ ਕੇ ਮੁਦੱਈ ਦੀ ਬੱਘੀ 'ਤੇ ਚਾਕੂ ਲਗਾ ਕੇ ਕਿਹਾ ਕਿ ਜੋ ਕੁੱਝ ਤੇਰੇ ਕੋਲ ਹੈ, ਉਹ ਕੱਢਦੇ। ਮੁਦੱਈ ਨੇ ਕਿਹਾ ਕਿ ਮੇਰੇ ਕੋਲ ਕੁੱਝ ਨਹੀਂ ਹੈ ਤਾਂ ਇੰਨੇ ਵਿੱਚ ਮੁਦੱਈ ਦੇ ਬਰਾਬਰ ਬੈਠੇ ਮਹਿੰਦਰ ਸ਼ਰਮਾ ਉਕਤ ਨੇ ਨਾਮਾਲੂਮ ਵਿਅਕਤੀ ਨੂੰ ਗਾਲੀ ਗਲੋਚ ਕੀਤਾ ਤਾਂ ਨਾਮਾਲੂਮ ਵਿਅਕਤੀ ਗੱਡੀ ਵਿੱਚੋਂ ਹੇਠਾਂ ਉੱਤਰ ਗਿਆ ਤੇ ਮਹਿੰਦਰ ਸ਼ਰਮਾ ਵੀ ਗੱਡੀ ਵਿੱਚੋਂ ਥੱਲੇ ਆ ਗਿਆ ਤਾਂ ਨਾਮਾਲੂਮ ਵਿਅਕਤੀ ਨੇ ਆਪਣੇ ਹੱਥ ਵਿੱਚ ਫੜਿਆ ਚਾਕੂ ਪਹਿਲਾ ਮਹਿੰਦਰ ਸ਼ਰਮਾ ਉਕਤ ਦੇ ਮੱਥੇ 'ਤੇ ਮਾਰਿਆ ਤੇ ਫਿਰ ਦੂਸਰੀ ਵਾਰ ਚਾਕੂ ਢਿੱਡ ਵਿੱਚ ਸੱਜੇ ਪਾਸੇ ਸਿੱਧਾ ਮਾਰਿਆ, ਜਿਸ ਨਾਲ ਮਹਿੰਦਰ ਸ਼ਰਮਾ ਹੇਠਾਂ ਡਿੱਗ ਗਿਆ ਤੇ ਮੁਦੱਈ ਮੁਕੱਦਮਾ ਮਹਿੰਦਰ ਸ਼ਰਮਾ ਨੂੰ ਸੰਭਾਲਣ ਲੱਗਾ ਤਾਂ ਇੰਨੇ ਵਿੱਚ ਦੋਸ਼ੀਆਨ ਨਾਮਾਲੂਮ ਵਿਅਕਤੀ ਆਪਣਾ ਮੋਟਰਸਾਈਕਲ ਚੁੱਕ ਕੇ ਫਰਾਰ ਹੋ ਗਏ। ਮਹਿੰਦਰ ਸ਼ਰਮਾ ਦੀ ਦੌਰਾਨੇ ਇਲਾਜ ਸਰਕਾਰੀ ਹਸਪਤਾਲ ਮਾਲੇਰਕੋਟਲਾ ਵਿਖੇ ਮੌਤ ਹੋ ਗਈ ਹੈ, ਜਿਸ ਸਬੰਧੀ ਕਾਰਵਾਈ ਕਰਦੇ ਹੋਏ ਮੁਕੱਦਮਾ ਨੰਬਰ 56 ਮਿਤੀ 11.05.2023 ਅ/ਧ 302,379ਬੀ,341,511,34 ਹਿੰ.ਦੰ ਥਾਣਾ ਅਮਰਗੜ੍ਹ ਦਰਜ ਰਜਿਸਟਰ ਕੀਤਾ ਗਿਆ ਸੀ। ਮਾਨਯੋਗ ਸੀਨੀਅਰ ਕਪਤਾਨ ਪੁਲਸ ਮਲੇਰਕੋਟਲਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਜਗਦੀਸ਼ ਬਿਸ਼ਨੋਈ ਕਪਤਾਨ ਪੁਲਸ ਇੰਨਵੈਸਟੀਗੇਸ਼ਨ ਮਲੇਰਕੋਟਲਾ ਦੀ ਰਹਿਨੁਮਾਈ ਹੇਠ ਰਣਜੀਤ ਸਿੰਘ ਉੱਪ ਕਪਤਾਨ ਪੁਲਸ (ਸਪੈਸ਼ਲ) ਬ੍ਰਾਂਚ ਮਲੇਰਕੋਟਲਾ ਦੀ ਜ਼ੇਰ ਨਿਗਰਾਨੀ ਇੰਸ. ਹਰਸਿਮਰਨਜੀਤ ਸਿੰਘ ਮੁੱਖ ਅਫਸਰ ਥਾਣਾ ਅਮਰਗੜ੍ਹ, ਇੰਸ. ਹਰਜਿੰਦਰ ਸਿੰਘ ਇੰਚਾਰਜ ਸੀ.ਆਈ.ਏ. ਮਾਹੋਰਾਣਾ ਤੇ ਸ.ਬ. ਗੁਰਮੁੱਖ ਸਿੰਘ ਇੰਚਾਰਜ ਚੌਕੀ ਹਿੰਮਤਾਨਾ ਵੱਲੋਂ ਕਾਰਵਾਈ ਕਰਦਿਆਂ ਦੋਸ਼ੀ ਮੁਹੰਮਦ ਰਫੀ ਪੁੱਤਰ ਤਾਜ ਮੁਹੰਮਦ ਵਾਸੀ ਸਦਰਾਬਾਦ ਥਾਣਾ ਅਮਰਗੜ੍ਹ ਤੇ ਮੇਜਰ ਸਿੰਘ ਪੁੱਤਰ ਨਿੱਕਾ ਸਿੰਘ ਵਾਸੀ ਈਸਾਪੁਰ ਲੰਡਾ ਥਾਣਾ ਸਦਰ ਧੂਰੀ ਨੂੰ ਮੁਕੱਦਮਾ ਵਿੱਚ ਨਾਮਜ਼ਦ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ। ਮੁਕੱਦਮਾ ਦੀ ਤਫਤੀਸ਼ ਜਾਰੀ ਹੈ।

ਕਾਤਰਾਂ

ਆਤਮ ਹੱਤਿਆ ਦੇ ਮਾਮਲੇ 'ਚੋਂ ਇੱਕ ਬਰੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਫ਼ਿਰੋਜ਼ਪੁਰ ਦੀ ਅਦਾਲਤ ਨੇ ਆਤਮ ਹੱਤਿਆ ਦੇ ਮਾਮਲੇ 'ਚ ਨਾਮਜ਼ਦ ਇੱਕ ਨਾਬਾਲਗ ਨੂੰ ਬਰੀ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਥਾਣਾ ਜ਼ੀਰਾ ਪੁਲਸ ਵੱਲੋਂ 14 ਜੂਨ 2013 ਨੂੰ ਦਰਜ ਮਾਮਲੇ ਵਿੱਚ ਬਾਜ਼ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਪਿੰਡ ਸੰਤੂ ਵਾਲਾ ਜ਼ੀਰਾ ਨੇ ਦੱਸਿਆ ਕਿ ਉਸ ਨੂੰ ਗੁਰਦੇਵ ਸਿੰਘ, ਸ਼ੇਰ ਸਿੰਘ ਤੇ ਉਸ ਦਾ ਪੁੱਤਰਾ ਦਲਜੀਤ ਸਿੰਘ ਕੁੱਟਮਾਰ ਕਰਦੇ ਹਨ, ਜਿਸ ਦੇ ਚੱਲਦੇ ਹੋਏ ਬੀਤੇ ਦਿਨੀਂ ਦਲਜੀਤ ਸਿੰਘ ਨੇ ਉਸ ਦੇ ਇੱਟ ਮਾਰ ਕੇ ਪਸਲੀਆਂ ਤੋੜ ਦਿੱਤੀਆਂ ਸਨ। ਮੁਦਈ ਮੁਲਜ਼ਮਾਂ ਤੋਂ ਡਰਦਾ ਹੋਇਆ ਡੇਢ ਮਹੀਨਾ ਹਜ਼ੂਰ ਸਾਹਿਬ ਰਿਹਾ ਤੇ ਘਰ ਨਹੀਂ ਆਇਆ। ਮੁਦਈ ਨੇ ਅੱਗੇ ਦੱਸਿਆ ਕਿ ਇਹ ਮੈਨੂੰ ਨਜਾਇਜ਼ ਤੰਗ-ਪ੍ਰੇਸ਼ਾਨ ਕਰਦੇ ਹਨ, ਜਿਸ ਤੋਂ ਤੰਗ ਆ ਕੇ ਮੁਦਈ ਨੇ ਜ਼ਹਿਰੀਲੀ ਦਵਾਈ ਪੀ ਕੇ ਆਤਮ ਹੱਤਿਆ ਕਰ ਲਈ। ਮਾਮਲੇ ਵਿੱਚ ਬਚਾਅ ਧਿਰ ਦੇ ਵਕੀਲ ਦੀਪਕ ਥੁੱਲਰ ਵੱਲੋਂ ਪੇਸ਼ ਤੱਥਾਂ ਨੂੰ ਵੇਖਦੇ ਹੋਏ ਬੱਚਿਆਂ ਦੇ ਮਾਮਲਿਆਂ ਦੀ ਅਦਾਲਤ ਨੇ ਨਾਮਜ਼ਦ ਨਾਬਾਲਗ ਦਲਜੀਤ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਸੰਤੂ ਵਾਲਾ ਨੂੰ ਬਰੀ ਕਰ ਦਿੱਤਾ।

15 ਗ੍ਰਾਮ ਚਿੱਟੇ ਸਮੇਤ ਦੋ ਕਾਬੂ

ਲੌਂਗੋਵਾਲ, (ਪ੍ਰਦੀਪ ਸੱਪਲ/ਕੁਲਦੀਪ ਅੱਤਰੀ) : ਮੁੱਖ ਅਫਸਰ ਥਾਣਾ ਲੌਂਗੋਵਾਲ ਗਗਨਦੀਪ ਸਿੰਘ ਐੱਸ.ਆਈ. ਨੇ ਦੱਸਿਆ ਕਿ ਗਸ਼ਤ ਚੌਰਾਨ ਚੈਕਿੰਗ ਬਾ-ਹੱਦ ਲੌਂਗੋਵਾਲ ਸਹਾਇਕ ਥਾਣੇਦਾਰ ਰਘਵੀਰ ਸਿੰਘ ਨੂੰ ਚਿੱਟੇ ਸਬੰਧੀ ਇਤਲਾਹ ਮਿਲਣ 'ਤੇ ਦੋਸ਼ੀਆਨ ਸੁਖਚੈਨ ਸਿੰਘ ਉਰਫ ਚੈਨਾ ਪੁੱਤਰ ਦਰਸ਼ਨ ਸਿੰਘ, ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀਆਨ ਗਾਹੂ ਪੱਤੀ ਲੌਂਗੋਵਾਲ ਖਿਲਾਫ ਮੁਕੱਦਮਾ ਦਰਜ ਕਰਕੇ ਥਾਣੇਦਾਰ ਹਰਚੇਤਨ ਸਿੰਘ ਨੇ ਦੋਸ਼ੀਆਨ ਉਕਤਾਨ ਨੂੰ ਮੋਟਰਸਾਈਕਲ ਬਿਨਾਂ ਨੰਬਰ ਦੇ ਕਾਬੂ ਕਰਕੇ ਉਨ੍ਹਾਂ ਪਾਸੋਂ 15 ਗ੍ਰਾਮ ਹੀਰੋਇਨ/ਚਿੱਟਾ ਬਰਾਮਦ ਕਰਕੇ ਗ੍ਰਿਫ਼ਤਾਰ ਕੀਤਾ। ਦੋਸ਼ੀਆਨ ਨੂੰ ਅੱਜ ਮਾਨਯੋਗ ਮੈਜਿਸਟ੍ਰੇਟ ਸੰਗਰੂਰ ਦੀ ਅਦਾਲਤ ਵਿਖੇ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ।

ਟਰੈਕਟਰ ਮਾਰਚ ਦੀ ਸਫਲਤਾ ਲਈ ਇਕੱਠ

ਲੌਂਗੋਵਾਲ, (ਪ੍ਰਦੀਪ ਸੱਪਲ/ਕੁਲਦੀਪ ਅੱਤਰੀ) : ਪਿੰਡ ਦੁੱਗਾਂ ਵਿਖੇ ਮਸਤੂਆਣਾ ਕਾਲਜ ਤੇ ਹਸਪਤਾਲ ਦੇ ਲੰਬੇ ਸਮੇਂ ਤੋਂ ਚੱਲ ਰਹੇ ਸਘੰਰਸ਼ ਸਬੰਧੀ ਕੱਢੇ ਜਾ ਰਹੇ ਟਰੈਕਟਰ ਮਾਰਚ ਨੂੰ ਸਫਲ ਬਣਾਉਣ ਲਈ ਲੋਕਾਂ ਵੱਲੋਂ ਇਕੱਠ ਕੀਤਾ ਗਿਆ, ਜਿਸ 'ਚ ਵਿਸ਼ੇਸ਼ ਤੌਰ 'ਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਸ਼ਾਮਲ ਹੋਏ ਅਤੇ ਮਸਤੂਆਣਾ ਕਾਲਜ ਤੇ ਹਸਪਤਾਲ ਦੇ ਸਘੰਰਸ਼ ਦੀ ਆਪਣੀ ਜਥੇਬੰਦੀ ਵੱਲੋਂ ਪੂਰੀ ਹਮਾਇਤ ਕਰਨ ਦਾ ਐਲਾਨ ਕ

22-May-PAGE-8.qxd 5/21/2023 10:01 PM Page 1

ਮਿਡ-ਡੇ ਮੀਲ ਵਰਕਰਾਂ ਨੇ ਅਨੰਦਪੁਰ ਸਾਹਿਬ ਵਿਖੇ ਕੀਤੀ ਸੂਬਾਈ ਰੈਲੀ

ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)

ਆਮ ਆਦਮੀ ਪਾਰਟੀ ਦੇ ਆਗੂਆਂ ਨੇ ਵਿਧਾਨ ਸਭਾ ਚੋਣਾਂ ਸਮੇਂ ਵਾਅਦਾ ਕੀਤਾ ਸੀ ਕਿ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣਦੇ ਸਾਰ ਮਾਣ ਭੱਤੇ 'ਤੇ ਕੰਮ ਕਰਦੇ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਕੀਤਾ ਜਾਵੇਗਾ। ਪੰਜਾਬ ਸਰਕਾਰ ਦੇ ਉਪਰੋਕਤ ਵਾਅਦੇ ਨੂੰ ਯਾਦ ਕਰਵਾਉਣ ਅਤੇ ਅਮਲੀ ਰੂਪ ਵਿੱਚ ਲਾਗੂ ਕਰਵਾਉਣ ਲਈ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਮਿੱਡ-ਡੇ-ਮੀਲ ਤਿਆਰ ਕਰਕੇ ਖਵਾਉਣ ਵਾਲੇ ਮੀਲ ਵਰਕਰਾਂ ਨੂੰ ਮਿੱਡ ਮੀਲ ਵਰਕਰਜ਼ ਯੂਨੀਅਨ ਪੰਜਾਬ ਦੀ ਸੂਬਾਈ ਪ੍ਰਧਾਨ ਬਿਮਲਾ ਦੇਵੀ ਫਾਜ਼ਿਲਕਾ ਦੀ ਅਗਵਾਈ ਵਿੱਚ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੇ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੰਗਾਂ ਪ੍ਰਤੀ ਰੋਹ ਭਰਪੂਰ ਨਾਅਰੇਬਾਜ਼ੀ ਕਰਦੇ ਹੋਏ ਸੂਬਾਈ ਰੈਲੀ ਕੀਤੀ। ਰੈਲੀ ਦੀ ਸਮੁੱਚੀ ਕਾਰਵਾਈ ਨੂੰ ਜਥੇਬੰਦੀ ਦੀ ਜਨਰਲ ਸਕੱਤਰ ਕਮਲਜੀਤ ਕੌਰ ਹੁਸ਼ਿਆਰਪੁਰ ਨੇ ਚਲਾਇਆ। ਰੈਲੀ ਨੂੰ ਸੰਬੋਧਨ ਕਰਦੇ ਹੋਏ ਮਿੱਡ-ਡੇ ਮੀਲ ਵਰਕਰਜ਼ ਯੂਨੀਅਨ ਦੀਆਂ ਵੱਖ ਵੱਖ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਵਿਧਾਨ ਸਭਾ ਚੋਣਾਂ ਵਿੱਚ ਵਾਅਦਾ ਕੀਤਾ ਸੀ ਕਿ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣਦੇ ਸਾਰ ਮਿੱਡ-ਡੇ-ਮੀਲ ਵਰਕਰਾਂ ਦਾ ਭੱਤਾ ਦੁੱਗਣਾ ਕੀਤਾ ਜਾਵੇਗਾ ਪਰ ਇੱਕ ਸਾਲ ਤੋਂ ਵੱਧ ਸਮਾਂ ਬੀਤ ਜਾਣ ਤੋਂ ਵੀ ਅਜੇ ਤੱਕ ਪੰਜਾਬ ਸਰਕਾਰ ਨੇ ਮਿੱਡ-ਡੇ-ਮੀਲ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਕਰਨ ਲਈ ਕੋਈ ਵੀ ਯੋਗ ਕਾਰਵਾਈ ਨਹੀਂ ਕੀਤੀ। ਜਿਸ ਕਰਕੇ ਮਿੱਡ-ਡੇ-ਮੀਲ ਵਰਕਰਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਅਥਾਹ ਗੁੱਸਾ ਹੈ ਅਤੇ ਉਸੇ ਗੁੱਸੇ ਦਾ ਪ੍ਰਗਟਾਵਾ ਕਰਨ ਅਤੇ ਪੰਜਾਬ ਸਰਕਾਰ ਨੂੰ ਮਾਣ ਭੱਤਾ ਦੁੱਗਣਾ ਕਰਨ ਦਾ ਵਾਅਦਾ ਯਾਦ ਕਰਵਾਉਣ ਲਈ ਅਤੇ ਉਸ ਨੂੰ ਅਮਲੀ ਰੂਪ ਵਿੱਚ ਲਾਗੂ ਕਰਵਾਉਣ ਲਈ ਸਮੁੱਚੇ ਪੰਜਾਬ ਦੀਆਂ ਮਿੱਡ-ਡੇ-ਮੀਲ ਵਰਕਰਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੂਬਾਈ ਰੈਲੀ ਵਿੱਚ ਆਈਆਂ ਹਨ ਅਤੇ ਸਰਕਾਰ ਵਿਰੁੱਧ ਸੰਘਰਸ਼ ਕਰਨ ਲਈ ਮਜਬੂਰ ਹੋਈਆਂ ਹਨ। ਮਿੱਡ-ਡੇ-ਮੀਲ ਵਰਕਰਾਂ ਦੀਆਂ ਮੰਗਾਂ ਸੰਬੰਧੀ ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਵੱਲੋਂ ਸਮੇਂ ਸਮੇਂ 'ਤੇ ਸਿੱਖਿਆ ਮੰਤਰੀ ਪੰਜਾਬ ਅਤੇ ਮੁੱਖ ਮੰਤਰੀ ਪੰਜਾਬ ਨੂੰ ਅਧਿਕਾਰੀਆਂ ਰਾਹੀਂ ਮੰਗ ਪੱਤਰ ਵੀ ਭੇਜੇ ਜਾਂਦੇ ਰਹੇ ਹਨ ਪਰ ਪੰਜਾਬ ਸਰਕਾਰ ਵੱਲੋਂ ਯੋਗ ਕਾਰਵਾਈ ਕਰਨ ਜਾਂ ਜਥੇਬੰਦੀ ਨਾਲ ਸਾਰਥਕ ਢੰਗ ਨਾਲ ਮੀਟਿੰਗ ਕਰਨ ਲਈ ਕੋਈ ਵੀ ਹੁੰਗਾਰਾ ਨਹੀਂ ਭਰਿਆ ਗਿਆ। ਆਗੂਆਂ ਨੇ ਕਿਹਾ ਕਿ ਮਿੱਡ-ਡੇ-ਮੀਲ ਵਰਕਰਾਂ ਨੂੰ ਤੁਰੰਤ ਰੈਗੂਲਰ ਕਰਵਾਉਣ, ਰੈਗੂਲਰ ਹੋਣ ਸਮੇਂ ਤੱਕ ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਲਿਆ ਕੇ ਮਿਹਨਤਾਨਾ ਲਾਗੂ ਕਰਵਾਉਣ, ਕੀਤੇ ਵਾਅਦੇ ਅਨੁਸਾਰ ਮਾਣ ਭੱਤਾ ਦੁੱਗਣਾ ਕਰਵਾਉਣ ਜਾਂ ਗੁਆਢੀ ਸੂਬੇ ਹਰਿਆਣਾ ਦੇ ਪੈਟਰਨ ਅਨੁਸਾਰ ਮਾਣ ਭੱਤਾ ਲਾਗੂ ਕਰਵਾਉਣ, ਸਾਲ ਦੌਰਾਨ ਵਰਦੀਆਂ, ਪੰਜ ਲੱਖ ਰੁਪਏ ਦਾ ਹਰ ਵਰਕਰ ਦਾ ਮੁਫਤ ਬੀਮਾ ਕਰਨ, ਸਰਵਿਸ ਬੁੱਕਾਂ ਲਗਾਉਣ, ਖਾਣਾ ਬਣਾਉਣ ਅਤੇ ਖਵਾਉਣ ਤੋਂ ਬਿਨਾਂ ਜਬਰੀ ਹੋਰ ਕੰਮ ਲੈਣੇ ਬੰਦ ਕਰਨ, ਹੋਰ ਸਰਕਾਰੀ ਇਸਤਰੀ ਮੁਲਾਜ਼ਮਾਂ ਵਾਂਗ ਵਰਕਰਾਂ ਨੂੰ ਛੁੱਟੀਆਂ, ਛੁੱਟੀ ਲੈਣ ਸਮੇਂ ਖਾਣਾ ਬਣਾਉਣ ਦਾ ਪ੍ਰਬੰਧ ਕਰਵਾਉਣ ਆਦਿ ਮੰਗਾਂ ਨੂੰ ਮੰਨਵਾਉਣ ਅਤੇ ਲਾਗੂ ਕਰਵਾਉਣ ਲਈ ਅੱਜ ਦੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ ਗਈ ਸੂਬਾਈ ਰੈਲੀ ਦਾ ਮੁੱਖ ਅਜੰਡਾ ਹੈ। ਆਗੂਆਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮਿੱਡ-ਡੇ-ਮੀਲ ਵਰਕਰਾਂ ਦੀਆਂ ਮੰਗਾਂ ਦੇ ਯੋਗ ਹੱਲ ਲਈ ਸਰਕਾਰ ਵੱਲੋਂ ਕੋਈ ਵੀ ਹਾਂ ਪੱਖੀ ਹੁੰਗਾਰਾ ਨਾ ਭਰਿਆ ਗਿਆ ਤਾਂ ਸੰਘਰਸ਼ ਭਵਿੱਖ ਵਿੱਚ ਵੀ ਤੇਜ਼ ਕੀਤਾ ਜਾਵੇਗਾ।

ਸਰਕਾਰੀ ਪ੍ਰਾਇਮਰੀ ਸਕੂਲ ਧਮਾਣਾ ਨੂੰ ਸਮਾਰਟ ਐੱਲ ਈ ਡੀ ਭੇਟ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)-ਦਾਨੀ ਸੱਜਣਾਂ ਦੇ ਸਿਰ 'ਤੇ ਹੀ ਸਮਾਜ ਦੀ ਚੰਗੀ ਸਿਰਜਣਾ ਹੁੰਦੀ ਹੈ। ਅੱਜ ਸਰਕਾਰੀ ਪ੍ਰਾਇਮਰੀ ਸਕੂਲ ਧਮਾਣਾ ਵਿਖੇ ਦਾਨੀ ਸੱਜਣ ਜਿਨ੍ਹਾਂ ਵਿਚ ਸੇਵਾਮੁਕਤ ਸੀ ਐੱਚ ਟੀ ਮੋਹਣ ਸਿੰਘ ਨੌਧੋਮਾਜਰਾ, ਸੇਵਾਮੁਕਤ ਬੀ ਪੀ ਈ ਓ ਕਸ਼ਮੀਰ ਸਿੰਘ ਗਿੱਲ ਤੇ ਸੇਵਾਮੁਕਤ ਹੈੱਡ ਟੀਚਰ ਗੁਰਚਰਨ ਸਿੰਘ ਵੱਲੋਂ ਬੱਚਿਆਂ ਨੂੰ ਆਧੁਨਿਕ ਸਿੱਖਿਆ ਦੇਣ ਦੇ ਮਕਸਦ ਨਾਲ ਇਕ ਸਮਾਰਟ ਐੱਲ ਈ ਡੀ ਭੇਟ ਕੀਤੀ। ਇਸ ਦੌਰਾਨ ਸਕੂਲ ਮੁਖੀ ਸੰਜੀਵ ਮੋਠਾਂਪੁਰ ਨੇ ਦਾਨੀ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਕਤ ਸ਼ਖਸੀਅਤਾਂ ਨੇ ਸਕੂਲ ਲਈ ਇਹ ਤੋਹਫਾ ਭੇਟ ਕਰਕੇ ਬੱਚਿਆਂ ਨੂੰ ਇਕ ਵੱਡੀ ਖੁਸ਼ੀ ਪ੍ਰਦਾਨ ਕੀਤੀ ਹੈ। ਉਕਤ ਸਮਾਜ ਸੇਵੀਆਂ ਨੇ ਸੰਜੀਵ ਕੁਮਾਰ ਮੋਠਾਂਪੁਰ ਨੂੰ ਯਕੀਨ ਦਿਵਾਇਆ ਕਿ ਉਹ ਅੱਗੇ ਲਈ ਵੀ ਅਜਿਹੇ ਉਪਰਾਲੇ ਜਾਰੀ ਰੱਖਣਗੇ। ਇਸ ਦੌਰਾਨ ਮੈਡਮ ਅਨੀਤਾ ਪਾਬਲਾ, ਜਯੋਤੀ, ਪਰਮਜੀਤ ਕੌਰ, ਉਰਮਲ, ਬਿੰਦੂ ਅਤੇ ਤਾਰੋ ਦੇਵੀ ਸਮੇਤ ਸਕੂਲ ਸਟਾਫ ਤੇ ਬੱਚੇ ਹਾਜ਼ਰ ਸਨ।

ਟ੍ਰਾਂਸਕੋ ਠੇਕਾ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਦਾ ਫੂਕਿਆ ਪੁਤਲਾ

ਮਹਿਤਪੁਰ (ਰਾਜਾ)- ਨਕੋਦਰ ਡਵੀਸਨ ਸ/ਬ ਮਹਿਤਪੁਰ ਦੇ ਸਾਥੀਆਂ ਨੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ। ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਦੇ ਪ੍ਰਧਾਨ ਸਰਬਜੀਤ ਸਿੰਘ, ਗੁਰਪ੍ਰੀਤ ਸਿੰਘ, ਮੰਗਤ ਰਾਏ, ਜਗਦੀਪ ਥਾਪਰ ਅਤੇ ਹੋਰ ਸਮੂਹ ਸਾਥੀ ਜਿਨ੍ਹਾਂ ਨੇ ਗੱਲਬਾਤ ਕਰਦਿਆ ਦੱਸਿਆ ਕਿ ਪੰਜਾਬ ਸਰਕਾਰ ਸਾਨੂੰ ਲਗਾਤਾਰ 13 ਵਾਰ ਮੀਟਿੰਗ ਦੇ ਕੇ ਮੁੱਕਰੀ ਹੈ, ਸਾਡੀ ਕੋਈ ਸੁਣਵਾਈ ਨਹੀਂ ਹੋ ਰਹੀ। ਜੇਕਰ ਸਰਕਾਰ ਸਾਡੀ ਨਹੀਂ ਸੁਣਦੀ ਤਾਂ ਆਉਣ ਵਾਲੇ ਸਮੇਂ ਵਿਚ ਅਸੀਂ ਸੰਘਰਸ਼ ਹੋਰ ਤਿੱਖਾ ਤੇ ਤੇਜ਼ ਕਰਾਂਗੇ।

ਯੂਥ ਵਾਇਸ ਫਾਊਂਡੇਸ਼ਨ ਵੱਲੋਂ ਅੱਖਾਂ ਦਾ ਮੁਫਤ ਅਪ੍ਰੇਸ਼ਨ ਕੈਂਪ 8 ਨੂੰ

ਫਗਵਾੜਾ (ਰਮਨ ਸ਼ਰਮਾ) ਯੂਥ ਵਾਇਸ ਫਾਊਂਡੇਸਨ, ਐਨ.ਜੀ.ਓ. ਵੱਲੋਂ ਪ੍ਰਧਾਨ ਗਗਨਦੀਪ ਸਿੰਘ ਢੱਟ ਦੀ ਅਗਵਾਈ ਹੇਠ ਟੀਮ ਵਲੋਂ 8 ਜੂਨ ਨੂੰ ਰਾਮਗੜ੍ਹੀਆ ਇੰਸਟੀਚਿਊਟ ਆਫ ਹੈਲਥ ਸਾਇੰਸਿਜ ਐਂਡ ਰਿਸਰਚ ਵਿਖੇ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਅੱਖਾਂ ਦਾ ਮੁਫਤ ਅਪ੍ਰੇਸ਼ਨ ਕੈਂਪ ਲਗਾਇਆ ਜਾ ਰਿਹਾ ਹੈ। ਪ੍ਰਧਾਨ ਗਗਨਦੀਪ ਸਿੰਘ ਢੱਟ ਨੇ ਦੱਸਿਆ ਕਿ ਸ਼ੰਕਰਾ ਆਈ ਹਸਪਤਾਲ, ਲੁਧਿਆਣਾ ਤੋਂ ਅੱਖਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਅਤੇ ਵਲੰਟੀਅਰ ਸਹਾਇਤਾ ਲਈ ਹਾਜਰ ਹੋਣਗੇ। ਸੰਸਥਾ ਵਲੋਂ ਸਾਰਿਆਂ ਲਈ ਮੁਫਤ ਸੈਂਡਵਿਚ ਅਤੇ ਜੂਸ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਨਾਟਕਕਾਰ ਡਾ. ਆਤਮਜੀਤ ਨੂੰ ਸੰਜੀਵਨ ਨੇ ਆਪਣੀ ਨਵ-ਪ੍ਰਕਾਸ਼ਿਤ ਨਾਟ-ਪੁਸਤਕ 'ਖੁਸਰੇ' ਕੀਤੀ ਭੇਟ

ਮੁਹਾਲੀ (ਗੁਰਜੀਤ ਬਿੱਲਾ)-ਦੇਸ-ਵਿਦੇਸ਼ ਵਿਚ ਰੰਗਮੰਚ ਦਾ ਛੱਟਾ ਦੇਣ ਵਾਲੇ ਜ਼ਹੀਨ, ਸੰਵੇਦਨਸ਼ੀਲ ਅਤੇ ਰੰਗਮੰਚੀ ਤਕਨੀਕਾਂ ਦੇ ਮਾਹਿਰ ਨਾਟਕਕਾਰ ਅਤੇ ਨਾਟ-ਨਿਰਦੇਸ਼ਕ ਡਾ. ਆਤਮਜੀਤ ਨੂੰ ਨਾਟ-ਕਰਮੀ ਸੰਜੀਵਨ ਸਿੰਘ ਨੇ ਸਮਾਜ ਦੇ ਅਣਗੌਲੇ ਵਰਗ ਖੁਸਰਿਆਂ ਦੇ ਸੰਤਾਪ ਨੂੰ ਬਿਆਨਦੀ ਆਪਣੀ ਨਵ-ਪ੍ਰਕਾਸ਼ਿਤ ਨਾਟ-ਪੁਸਤਕ 'ਖੁਸਰੇ' ਭੇਂਟ ਕੀਤੀ। ਪਿਛਲੇ ਤਿੰਨ ਦਹਾਕਿਆਂ ਦੌਰਾਨ ਸੰਜੀਵਨ ਦੋ ਦਰਜਨ ਨਾਟਕ ਲਿਖ ਕੇ ਦੇਸ਼-ਵਿਦੇਸ਼ ਵਿਚ ਮੰਚਿਤ ਕਰ ਚੁਕੇ ਹਨ। 'ਖੁਸਰੇ' ਉਨਾਂ ਦਾ ਪੰਜਵਾਂ ਪ੍ਰਕਾਸ਼ਿਤ ਨਾਟਕ ਹੈ। ਸੰਜੀਵਨ ਦੀਆਂ ਹੁਣ ਤੱਕ ਚਾਰ ਨਾਟ-ਪੁਸਤਕਾਂ 'ਫਰੀਡਮ ਫਾਇਟਰ' (1998) ਅਤੇ '...ਬਲਖ਼ ਨਾ ਬੁਖਾਰੇ' (2002), 'ਪੀ ਜੀ-ਦ ਪੇਇੰਗ ਗੈਸਟ'(2019) ਅਤੇ 'ਦਫਤਰ' (2020) ਛੱਪ ਚੁੱਕੀਆਂ ਹਨ। ਜ਼ਿਕਰਯੋਗ ਹੈ ਕਿ ਡਾ. ਆਤਮਜੀਤ ਹੋਰਾਂ ਨਾਟਕ 'ਖੁਸਰੇ' ਦੀ ਵਿਸਥਾਰ ਪੂਰਵਕ ਜਾਣ-ਪਹਿਚਾਣ ਭੂਮਿਕਾ ਦੇ ਰੂਪ ਵਿਚ ਦਿੱਤੀ ਹੈ।

ਮੇਘਾ ਜੋਸ਼ੀ ਨੇ ਮੈਡੀਕਲ 'ਚ ਹਾਸਲ ਕੀਤੇ 95 ਫੀਸਦੀ ਅੰਕ

ਕਰਤਾਰਪੁਰ (ਹਰਮੇਸ ਦੱਤ) ਸੇਂਟ ਸੋਲਜਰਜ ਡਿਵਾਈਨ ਪਬਲਿਕ ਸਕੂਲ ਦੀ ਵਿਦਿਆਰਥਣ ਮੇਘਾ ਜੋਸ਼ੀ 12ਵੀਂ ਜਮਾਤ (ਮੈਡੀਕਲ) ਦੇ ਨਤੀਜਿਆਂ ਵਿੱਚ 95 ਫੀਸਦੀ ਅੰਕ ਪ੍ਰਾਪਤ ਕਰਕੇ ਆਪਣੇ ਮਾਪਿਆਂ ਅਤੇ ਸਕੂਲ ਨਾਂਅ ਰੌਸ਼ਨ ਕੀਤਾ ਹੈ। ਮੇਘਾ ਦੇ ਦਾਦਾ-ਦਾਦੀ ਅਤੇ ਮਾਪਿਆਂ ਨੇ ਉਸ ਦਾ ਮੂੰਹ ਮਿੱਠਾ ਕਰਵਾਇਆ ਅਤੇ ਉਸ ਨੂੰ ਵਧਾਈ ਦਿੱਤੀ। ਮੇਘਾ ਜੋਸ਼ੀ ਨੇ ਕਿਹਾ ਕਿ ਉਹ ਡਾਕਟਰ ਬਣ ਕੇ ਸਮਾਜ ਦੀ ਸੇਵਾ ਕਰਨਾ ਚਾਹੁੰਦੀ ਹੈ।

ਦਰਬਾਰ ਬਾਬਾ ਬੁੱਢਣ ਸ਼ਾਹ ਦਾ ਦੋ ਰੋਜਾ ਸਾਲਾਨਾ ਜੋੜ ਮੇਲਾ 23 ਤੇ 24 ਨੂੰ

ਫਗਵਾੜਾ (ਡਾ. ਰਮਨ)- ਦਰਬਾਰ ਬਾਬਾ ਬੁੱਢਣ ਸ਼ਾਹ ਜੀ ਦਾ ਸਲਾਨਾ ਜੋੜ ਮੇਲਾ ਹੁਸ਼ਿਆਰਪੁਰ ਰੋਡ ਬਾਈਪਾਸ ਨੇੜੇ ਹਾਜੀਪੁਰ ਵਿਖੇ 23 ਤੇ 24 ਮਈ ਨੂੰ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਪੂਰਵਕ ਕਰਵਾਇਆ ਜਾ ਰਿਹਾ ਹੈ। ਮੁੱਖ ਸੇਵਾਦਾਰ ਪਰਦੀਪ ਮੁਹੰਮਦਨੇ ਦੱਸਿਆ ਕਿ ਮੇਲੇ ਦਾ ਸ਼ੁੱਭ ਆਰੰਭ 23 ਮਈ ਦਿਨ ਮੰਗਲਵਾਰ ਨੂੰ ਦੁਪਿਹਰ 2 ਵਜੇ ਚਰਾਗ਼ ਰੋਸ਼ਨ ਕਰਕੇ ਕੀਤਾ ਜਾਵੇਗਾ। ਉਪਰੰਤ 3 ਵਜੇ ਝੰਡੇ ਦੀ ਰਸਮ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਹੋਵੇਗੀ। ਸ਼ਾਮ 4 ਵਜੇ ਇਸ਼ੂ ਨੱਕਾਲ ਐਂਡ ਪਾਰਟੀ ਨਕਲਾਂ ਦਾ ਰੰਗਾਰੰਗ ਪ੍ਰੋਗਰਾਮ ਪੇਸ਼ ਕਰਨਗੇ। ਦੂਸਰੇ ਦਿਨ ਬੁੱਧਵਾਰ 24 ਮਈ ਨੂੰ ਧਾਰਮਿਕ ਤੇ ਸੱਭਿਆਚਾਰਕ ਸਟੇਜ ਸਜਾਈ ਜਾਵੇਗੀ। ਜਿਸ ਵਿਚ ਇੰਟਰਨੈਸ਼ਨਲ ਗਾਇਕ ਦੁਰਗਾ ਰੰਗੀਲਾ ਅਤੇ ਹੋਰ ਗਾਇਕ ਕਲਾਕਾਰ ਭਰਪੂਰ ਹਾਜਰੀ ਲਗਵਾਉਣਗੇ। ਠੰਡੇ ਮਿੱਠੇ ਜਲ ਦੀ ਛਬੀਲ ਤੇ ਲੰਗਰ ਦੀ ਸੇਵਾ ਅਤੁੱਟ ਵਰਤਾਈ ਜਾਵੇਗੀ।

ਭੰਵਰਾ ਪਰਵਾਰ ਵੱਲੋਂ ਖਾਲਸਾ ਕਾਲਜ ਦੇ ਲੋੜਵੰਦ ਵਿਦਿਆਰਥੀਆਂ ਲਈ ਇਕਵੰਜਾ ਹਜ਼ਾਰ ਰੁਪਏ ਦੀ ਇਮਦਾਦ

ਮਾਹਿਲਪੁਰ, (ਸਫਰੀ)- ਇੰਗਲੈਂਡ ਦੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਵੱਜੋਂ ਸੇਵਾ ਨਿਭਾਅ ਰਹੇ ਪ੍ਰੋ ਗੁਰਵਿੰਦਰ ਕੌਰ ਭੰਵਰਾ ਵੱਲੋਂ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਹੁਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਨੂੰ ਇਕਵੰਜਾ ਹਜ਼ਾਰ ਰੁਪਏ ਦੀ ਆਰਥਿਕ ਇਮਦਾਦ ਦਾ ਚੈੱਕ ਭੇਜਿਆ ਗਿਆ। ਉਕਤ ਸਹਾਇਤਾ ਰਾਸ਼ੀ ਦਾ ਚੈੱਕ ਪ੍ਰੋ ਗੁਰਵਿੰਦਰ ਕੌਰ ਭੰਵਰਾ ਦੇ ਮਾਤਾ ਪਿਤਾ ਵੱਲੋਂ ਅੱਜ ਕਾਲਜ ਵਿੱਚ ਪੁੱਜ ਕੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੂੰ ਸੌਂਪਿਆ ਗਿਆ। ਦੱਸਣਯੋਗ ਹੈ ਕਿ ਪ੍ਰੋ ਗੁਰਵਿੰਦਰ ਕੌਰ ਭੰਵਰਾ ਦੇ ਦਾਦਾ ਮੋਹਨ ਸਿੰਘ ਖਾਲਸਾ ਸਕੂਲ ਮਾਹਿਲਪੁਰ ਦੇ ਪੁਰਾਣੇ ਵਿਦਿਆਰਥੀ ਰਹੇ ਹਨ ਜਿਹੜੇ ਕਿ ਇੱਥੋਂ ਪੜ੍ਹਾਈ ਹਾਸਿਲ ਕਰਕੇ ਕੀਨੀਆ ਚਲੇ ਗਏ ਸਨ ਅਤੇ ਬਾਅਦ ਵਿੱਚ ਪੂਰਾ ਪਰਿਵਾਰ ਇੰਗਲੈਂਡ ਵਿੱਚ ਸੈਟਲ ਹੋ ਗਿਆ। ਇਸ ਮੌਕੇ ਭੰਵਰਾ ਪਰਿਵਾਰ ਵੱਲੋਂ ਖਾਲਸਾ ਕਾਲਜ ਮਾਹਿਲਪੁਰ ਦੁਆਰਾ ਇਲਾਕੇ ਨੂੰ ਦਿੱਤੀ ਦੇਣ ਦੀ ਪ੍ਰਸ਼ੰਸਾ ਕੀਤੀ ਗਈ ਅਤੇ ਕਾਲਜ ਨੂੰ ਹਰ ਪੱਖੋਂ ਸਹਿਯੋਗ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਅਤੇ ਉੱਪ ਪ੍ਰਿੰ ਅਰਾਧਨਾ ਦੁੱਗਲ ਨੇ ਭੰਵਰਾ ਪਰਵਾਰ ਦਾ ਧੰਨਵਾਦ ਕੀਤਾ।

ਆਦਮਪੁਰ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਅੱਜ

ਜਲੰਧਰ (ਇਕਬਾਲ ਸਿੰਘ ਉਭੀ)-ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਸੋਮਵਾਰ ਨੂੰ ਹਲਕਾ ਆਦਮਪੁਰ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਨਗੇ। ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਮੌਕੇ ਆਦਮਪੁਰ-ਹੁਸ਼ਿਆਰਪੁਰ ਰੋਡ 'ਤੇ ਸਥਿਤ ਕਰਵਲ ਰਿਜ਼ੋਰਟ ਵਿਖੇ ਇਕ ਸਮਾਗਮ ਵੀ ਕਰਵਾਇਆ ਜਾਵੇਗਾ ਜਿਸ ਦੌਰਾਨ ਹਲਕੇ ਦੀਆਂ ਪੰਚਾਇਤਾਂ ਦੀਆਂ ਮੁਸ਼ਕਲਾਂ ਸੁਣੀਆਂ ਜਾਣਗੀਆਂ ਤਾਂ ਜੋ ਉਨ੍ਹਾਂ ਦਾ ਜਲਦ ਤੋਂ ਜਲਦ ਹੱਲ ਕੀਤਾ ਜਾ ਸਕੇ। ਉਨ੍ਹਾ ਦੱਸਿਆ ਕਿ ਪੰਚਾਇਤਾਂ ਦੀਆਂ ਸਮੱਸਿਆਵਾਂ ਦੇ ਢੁੱਕੀ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਸਮਾਗਮ ਵਿੱਚ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਅਧਿਕਾਰੀ ਆਪਣੇ ਸਟਾਫ ਸਮੇਤ ਮੌਜੂਦ ਰਹਿਣਗੇ। ਉਨ੍ਹਾ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਯੋਜਨਾਵਾਂ ਦਾ ਲਾਭ ਵੱਧ ਤੋਂ ਵੱਧ ਲੋਕਾਂ ਤੱਕ ਪੁੱਜਦਾ ਕਰਨ ਦੇ ਮਕਸਦ ਨਾਲ ਸਮਾਗਮ ਦੌਰਾਨ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਵੀ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਹਲਕੇ ਦੇ ਪੰਚਾਂ/ਸਰਪੰਚਾਂ ਨੂੰ ਇਸ ਮੌਕੇ ਦਾ ਵੱਧ ਤੋਂ ਵੱਧ ਲਾਭ ਲੈਣ ਦਾ ਸੱਦਾ ਦਿੱਤਾ।

ਐਨ ਆਰ ਆਈ ਨੇ ਸਕੂਲ ਦੇ ਬੱਚਿਆਂ ਨੂੰ ਸਟੇਸ਼ਨਰੀ ਤੇ ਵਰਦੀਆਂ ਵੰਡੀਆਂ

**

22-May-PAGE-9.qxd 5/21/2023 10:01 PM Page 1

ਗੁੱਜਰਾਂ ਵੱਲੋਂ ਰੋਡਵੇਜ਼ ਦੇ ਡਰਾਈਵਰ ਤੇ ਕੰਡਕਟਰ ਦੀ ਕੁੱਟਮਾਰ

ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੋਬੀ)- ਕਸਬਾ ਬੇਲਾ- ਮੋਰਿੰਡਾ ਰੂਟ 'ਤੇ ਚੱਲਦੇ ਡਰਾਈਵਰ ਅਤੇ ਕੰਡਕਟਰ ਨਾਲ ਗੁੱਜਰਾਂ ਦੀਆਂ ਔਰਤਾਂ ਅਤੇ ਮਰਦਾਂ ਨੇ ਕੁੱਟਮਾਰ ਕੀਤੀ।

ਪੁਲਸ ਚੌਕੀ ਬੇਲਾ ਵਿਖੇ ਦਿੱਤੀ ਸ਼ਿਕਾਇਤ ਵਿੱਚ ਪੰਜਾਬ ਰੋਡਵੇਜ਼ ਦੇ ਡਰਾਈਵਰ ਤਰਲੋਚਨ ਸਿੰਘ ਪੁੱਤਰ ਕਰਮਜੀਤ ਸਿੰਘ ਵਾਸੀ ਸਕਰੁੱਲਾਪੁਰ ਖਰੜ ਨੇ ਦੱਸਿਆ ਕਿ ਉਹ ਪੰਜਾਬ ਰੋਡਵੇਜ਼ ਦੀ ਬੱਸ ਨੰਬਰ ਪੀ ਬੀ 65 ਏਡੀ4728 ਲੈ ਕੇ ਸਵੇਰੇ 8.30 ਵਜੇ ਮੋਰਿੰਡਾ ਤੋਂ ਬੇਲਾ ਨੂੰ ਆ ਰਿਹਾ ਸੀ, ਜਦੋਂ ਉਹ ਬੱਸ ਲੈ ਕੇ ਪਿੰਡ ਜਟਾਣਾ ਬੱਸ ਅੱਡੇ ਪਹੁੰਚਿਆ ਤਾਂ ਅੱਡੇ ਦੇ ਨੇੜੇ ਗੁੱਜਰਾਂ ਦੇ ਡੇਰੇ ਤੋਂ ਗੁੱਜਰਾਂ ਦੀਆਂ ਔਰਤਾਂ ਮੱਝਾਂ ਸੜਕ 'ਤੇ ਚੜਾ ਰਹੀਆਂ ਸਨ। ਉਸ ਨੇ ਸਿਰਫ ਇੰਨਾ ਹੀ ਕਿਹਾ ਕਿ ਦੋ ਕੁ ਮਿੰਟ ਮੱਝਾਂ ਰੋਕ ਲਓ ਮੈਂ ਲੇਟ ਹੋ ਰਿਹਾ ਹਾਂ, ਕਿਉਂਕਿ ਮੈਂ ਵਾਪਿਸ ਮੋਰਿੰਡਾ ਜਾਣਾ ਹੈ। ਉਨ੍ਹਾਂ ਦੱਸਿਆ ਕਿ ਇੰਨਾ ਕਹਿਣ ਤੇ ਉਨ੍ਹਾਂ ਦੀਆਂ ਔਰਤਾਂ ਨੇ ਬੱਸ ਦੇ ਸ਼ੀਸ਼ੇ 'ਤੇ ਡੰਡੇ ਮਾਰਦਿਆਂ ਕਿਹਾ ਕਿ ਤੂੰ ਬੱਸ ਰੋਕ ਪਹਿਲਾਂ ਸਾਡੀਆਂ ਮੱਝਾਂ ਲੰਘਣਗੀਆਂ ਅਤੇ ਡੰਡਾ ਉਸ ਦੀ ਬਾਂਹ 'ਤੇ ਵੀ ਬਹੁਤ ਜੋਰ ਨਾਲ ਵੱਜਿਆ। ਜਦੋਂ ਉਹ ਬੱਸ ਤੋਂ ਥੱਲੇ ਉਤਰਿਆ ਤਾਂ ਉਨ੍ਹਾਂ ਦੇ ਡੇਰੇ ਤੋਂ ਤਿੰਨ ਚਾਰ ਔਰਤਾਂ ਅਤੇ ਤਿੰਨ ਚਾਰ ਮਰਦਾਂ ਨੇ ਆ ਕੇ ਉਸ ਨੂੰ ਅਤੇ ਉਸ ਦੇ ਕੰਡਕਟਰ ਨੂੰ ਡੰਡਿਆਂ, ਲੱਤਾਂ ਅਤੇ ਮੁੱਕਿਆ ਨਾਲ ਕੁੱਟਿਆ। ਉਨ੍ਹਾਂ ਨੂੰ ਰਾਹਗੀਰਾਂ ਅਤੇ ਬੱਸ ਵਿੱਚ ਬੈਠੀਆਂ ਸਵਾਰੀਆਂ ਨੇ ਬੜੀ ਮੁਸ਼ਕਿਲ ਨਾਲ ਗੁੱਜਰਾਂ ਦੇ ਹੱਥੋਂ ਛੁਡਾਇਆ।

ਉਨ੍ਹਾਂ ਦੱਸਿਆ ਕਿ ਇਸ ਕੁੱਟਮਾਰ ਵਿੱਚ ਉਨ੍ਹਾਂ ਦੇ ਕਾਫੀ ਸੱਟਾਂ ਲੱਗੀਆਂ ਹਨ ਅਤੇ ਉਹ ਇਸ ਮੌਕੇ ਸਰਕਾਰੀ ਹਸਪਤਾਲ ਚਮਕੌਰ ਸਾਹਿਬ ਵਿਖੇ ਜੇਰੇ ਇਲਾਜ ਹਨ। ਡਰਾਈਵਰ ਤਰਲੋਚਨ ਸਿੰਘ ਅਤੇ ਕੰਡਕਟਰ ਨੇ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਅਤੇ ਉਨ੍ਹਾਂ ਨਾਲ ਕੁੱਟਮਾਰ ਕਰਨ ਤੇ ਗੁੱਜਰਾਂ ਦੀਆਂ ਔਰਤਾਂ ਅਤੇ ਮਰਦਾਂ ਵਿਰੁੱਧ ਸਖਤ ਕਾਰਵਾਈ ਦੀ ਮੰਗ। ਥਾਣਾ ਮੁਖੀ ਰੁਪਿੰਦਰ ਸਿੰਘ ਨੇ ਕਿਹਾ ਕਿ ਲੜਾਈ ਝਗੜੇ ਸਬੰਧੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਿਸ ਦਾ ਵੀ ਕਸੂਰ ਪਾਇਆ ਗਿਆ ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

ਮੋਦੀ ਵੱਲੋਂ ਧਾਰਮਿਕ ਜੈਕਾਰਾ ਬੁਲਾਉਣ ਵਿਰੁੱਧ ਸੁਪਰੀਮ ਕੋਰਟ ਜਾਵਾਂਗੇ : ਖੇੜਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਸ਼ੋਸ਼ਲਿਸਟ ਪਾਰਟੀ ਇੰਡੀਆ ਵੱਲੋਂ ਜ਼ਿਲਾ ਦਫਤਰ ਹੁਸ਼ਿਆਰਪੁਰ ਵਿਖੇ ਹਫਤਾਵਾਰੀ ਮੀਟਿੰਗ ਸਤਪਾਲ ਸਿੰਘ ਡਡਿਆਣਾ ਜ਼ਿਲਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਬਜੁਰਗ ਸ਼ੋਸ਼ਲਿਸਟ ਆਗੂ ਬਲਵੰਤ ਸਿੰਘ ਖੇੜਾ,ਪੰਜਾਬ ਪ੍ਰਧਾਨ ਓਮ ਸਿੰਘ ਸਟਿਆਣਾ,ਬਲਵੀਰ ਸਿੰਘ ਗੜਸ਼ੰਕਰ,ਜਗਦੀਸ਼ ਸ਼ਰਮਾ,ਮਹਿੰਦਰ ਸਿੰਘ ਹੀਰ ਨੇ ਸ਼ਿਰਕਤ ਕੀਤੀ। ਮੀਟਿੰਗ ਦੇ ਆਰੰਭ ਵਿੱਚ ਬਲਵੰਤ ਸਿੰਘ ਖੇੜਾ ਨੇ ਕਿਹਾ ਕਿ ਕਰਨਾਟਕ ਦੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਜਰੰਗ ਬਲੀ ਦਾ ਜੈਕਾਰਾ ਲਾ ਕੇ ਲੋਕਾਂ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ ਜੋ ਕਿ ਭਾਰਤੀ ਸੰਵਿਧਾਨ ਅਤੇ ਆਦਰਸ਼ ਚੋਣ ਜਾਬਤੇ ਦੀ ਘੋਰ ਉਲੰਘਣਾ ਹੈ। ਖੇੜਾ ਨੇ ਕਿਹਾ ਕਿ ਮੋਦੀ ਦੇ ਇਸ ਧਾਰਮਿਕ ਭਾਵਨਾਵਾਂ ਨੂੰ ਸਿਆਸੀ ਮੁਫਾਦ ਲਈ ਵਰਤਣ ਦੇ ਖਿਲਾਫ ਭਾਰਤ ਭਰ ਵਿੱਚ ਸ਼ਿਕਾਇਤਾਂ ਅਤੇ ਪਟੀਸ਼ਨਾਂ ਦਰਜ ਕਰਵਾਈਆਂ ਜਾਣਗੀਆਂ ਅਤੇ ਸੁਪਰੀਮ ਕੋਰਟ ਦਾ ਵੀ ਦਰਵਾਜਾ ਖੜਕਾਇਆ ਜਾਵੇਗਾ। ਸਟਿਆਣਾ ਨੇ ਕਿਹਾ ਕਿ ਜੰਤਰ ਮੰਤਰ ਨਵੀਂ ਦਿੱਲੀ ਵਿਖੇ ਪਹਿਲਵਾਨਾਂ ਵੱਲੋਂ ਦਿੱਤੇ ਜਾ ਰਹੇ ਧਰਨੇ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ। ਉਨ੍ਹਾਂ ਭਾਜਪਾ ਦੀ ਕਰਨਾਟਕ ਚੋਣ ਵਿੱਚ ਹੋਈ ਹਾਰ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੱਸਿਆ ਕਿ 24 ਮਈ ਨੂੰ ਪੰਜਾਬ ਭਰ ਦੇ ਸਮੂੰਹ ਡਿਪਟੀ ਕਮਿਸ਼ਨਰਾਂ ਨੂੰ ਪ੍ਰਧਾਨ ਮੰਤਰੀ ਮੋਦੀ ਵੱਲੋਂ ਕਰਨਾਟਕ ਚੋਣ ਵਿੱਚ ਧਾਰਮਿਕ ਜੈਕਾਰਾ ਲਾਉਣ ਦੇ ਖਿਲਾਫ ਮੰਗ ਪੱਤਰ ਦਿੱਤੇ ਜਾਣਗੇ।

ਸ਼ਹੀਦੀ ਦਿਹਾੜੇ ਨੂੰ ਸਮਰਪਤ ਧਾਰਮਿਕ ਸਮਾਗਮ ਕਰਵਾਇਆ

ਕਾਲਾ ਸੰਘਿਆਂ (ਮਨਜੀਤ ਮਾਨ) ਗੁਰੂ ਹਰਿਰਾਇ ਸਾਹਿਬ ਅਕੈਡਮੀ ਪਿੰਡ ਕਾਹਲਵਾਂ ਜ਼ਿਲ੍ਹਾ ਕਪੂਰਥਲਾ ਵਿਖੇ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਕੂਲ ਵਿੱਚ ਬਾਬਾ ਗੁਰਮੇਜ ਸਿੰਘ ਪ੍ਰਧਾਨ ਗੁਰਦੁਆਰਾ ਸ੍ਰੀ ਸੈਦਰਾਣਾ ਸਾਹਿਬ ਅਤੇ ਅਕੈਡਮੀ ਚੇਅਰਮੈਨ ਨਿਰਮਲ ਸਿੰਘ ਨੰਬਰਦਾਰ ਦੀ ਦੇਖ ਰੇਖ ਹੇਠ ਵਿਦਿਆਰਥੀਆਂ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਵਿਦਿਆਰਥੀਆਂ ਵਲੋਂ ਸ਼ਹੀਦੀ ਦਿਵਸ ਨਾਲ ਸਬੰਧਤ ਕਵਿਤਾਵਾਂ ਸੁਣਾਈਆਂ ਗਈਆਂ। ਐਕਟੀਵਿਟੀ ਇੰਚਾਰਜ ਮੈਡਮ ਰਜਨੀ ਦੀ ਦੇਖ ਰੇਖ ਹੇਠ ਕਲਾਸ ਪੰਜਵੀਂ ਤੋਂ ਦੱਸਵੀਂ ਤੱਕ ਦੇ ਵਿਦਿਆਰਥੀਆਂ ਦੇ ਸ਼ਹੀਦੀ ਦਿਹਾੜੇ ਨਾਲ ਸਬੰਧਤ ਪੇਂਟਿੰਗ ਅਤੇ ਡਰਾਇੰਗ ਮੁਕਾਬਲੇ ਕਰਵਾਏ ਗਏ। ਜਿਹਨਾਂ ਵਿੱਚ ਰਿਹਾਨ ਮਲਿਕ ਕਲਾਸ ਪੰਜਵੀਂ ਪਹਿਲਾ ਸਥਾਨ, ਕੋਮਲਪ੍ਰੀਤ ਕੌਰ ਕਲਾਸ ਅੱਠਵੀਂ, ਗੁਰਤੀਰਥ ਸਿੰਘ ਕਲਾਸ ਅੱਠਵੀਂ ਤੀਸਰਾ ਸਥਾਨ ਅਤੇ ਮੁਮਤਾਜ ਕਲਾਸ ਛੇਵੀਂ ਨੇ ਵੀ ਤੀਸਰਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ ਦੁਆਰਾ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਬਾਰੇ ਸੰਖੇਪ ਵਿੱਚ ਦੱਸਿਆ ਕਿ ਉਸ ਸਮੇਂ ਦੀ ਹਕੂਮਤ ਅਤੇ ਜਾਲਮ ਸਰਕਾਰ ਨੇ ਕਿਸ ਤਰ੍ਹਾਂ ਗੁਰੂ ਸਾਹਿਬ ਨੂੰ ਲਾਹੌਰ ਦੇ ਡੱਬੀ ਬਾਜਾਰ ਵਿਚ ਤਸੀਹੇ ਦੇ ਕੇ ਸ਼ਹੀਦ ਕੀਤਾ।

ਸਿੱਖ ਕੌਮ ਵਿੱਚ ,ਸਹਾਦਤਾਂ ਦਾ ਸਫਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਅਰੰਭ ਹੋ ਕੇ ਹੁਣ ਤੱਕ ਵੀ ਸਾਡੀ ਕੌਮ ਵਿੱਚ ਕੁਰਬਾਨੀਆਂ ਦਾ ਸਫਰ ਚਲਦਾ ਆ ਰਿਹਾ ਹੈ। ਉਹਨਾਂ ਆਖਿਆ ਕਿ ਸਾਨੂੰ ਆਪਣੇ ਕੀਮਤੀ ਸੱਭਿਆਚਾਰ ਅਤੇ ਇਤਿਹਾਸ ਨੂੰ ਭੁੱਲਣਾ ਨਹੀਂ ਚਾਹੀਦਾ। ਇਸ ਮੌਕੇ 'ਤੇ ਮੈਡਮ ਅਮਨ, ਮੈਡਮ ਰਮਨਪ੍ਰੀਤ ਕੌਰ, ਮੈਡਮ ਨੇਹਾ ਸ਼ਰਮਾ, ਮੈਡਮ ਰਜਨੀ, ਮੈਡਮ ਰਜਿੰਦਰ ਕੌਰ, ਸੰਦੀਪ ਕੌਰ, ਮਨਦੀਪ ਕੌਰ,ਈਸ਼ਾ, ਅਤੇ ਸੰਗੀਤਾ ਸ਼ਰਮਾ ਹਾਜਰ ਸਨ।

ਬਜਵਾੜਾ ਕਲਾਂ ਵਿਖੇ ਪਾਉਂਟਾ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਮੁਫਤ ਮੈਡੀਕਲ ਕੈਂਪ ਲਗਾਇਆ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਬਜਵਾੜਾ ਕਲਾਂ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਛਾਉਣੀ ਨਿਹੰਗ ਸਿੰਘਾਂ ਹੁਸ਼ਿਆਰਪੁਰ- ਊਨਾ ਜੀ ਟੀ ਰੋਡ 'ਤੋਂ ਪਾਉਂਟਾ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ ਅਤੇ ਸਰਹਿੰਦ ਫਤਹਿ ਦਿਵਸ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਜਥੇਬੰਦੀ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਮੁੱਖੀ ਸਾਹਿਬਜਾਦਾ ਫਤਿਹ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਤਰਨਾ ਦਲ ਬਜਵਾੜਾ ਕਲਾਂ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਸੁਖਮਨੀ ਸਾਹਿਬ ਜੀ ਭੋਗ ਪਾਏ ਗਏ। ਆਈ ਵੀ ਵਾਈ ਹਸਪਤਾਲ ਹੁਸ਼ਿਆਰਪੁਰ ਵੱਲੋਂ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਅਤੇ ਬੀਮਾਰੀਆਂ ਦੀ ਜਾਂਚ ਕਰਕੇ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਬੱਬੀ ਸਿੰਘ, ਗੁਰਪਾਲ ਸਿੰਘ, ਗੁਰਪ੍ਰੀਤ ਸਿੰਘ, ਬਲਵੀਰ ਸਿੰਘ ਹੇੜੀਆ, ਸਰਿੰਦਰ ਸਿੰਘ, ਤਲਵਿੰਦਰ ਸਿੰਘ, ਸਿਮਰਨਜੀਤ ਸਿੰਘ, ਬਲਦੇਵ ਸਿੰਘ ਆਦਿ ਹਾਜਰ ਸਨ।

ਰਾਵਲਪਿੰਡੀ ਪੁਲਸ ਨੇ ਦੋ ਚੋਰਾਂ ਪਾਸੋਂ ਪੰਜ ਮੋਬਾਈਲ ਕੀਤੇ ਬਰਾਮਦ

ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)- ਰਾਵਲਪਿੰਡੀ ਪੁਲਸ ਨੇ ਦੋ ਚੋਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ ਪੰਜ ਚੋਰੀ ਦੇ ਮੋਬਾਈਲ ਬ੍ਰਾਮਦ ਕੀਤੇ ਹਨ। ਥਾਣੇਦਾਰ ਹਰਦੀਪ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਦੀ ਪਛਾਣ ਅਜੀਤ ਭੋਦੂ ਪੁੱਤਰ ਬਾਬੂ ਲਾਲ, ਲਖਬੀਰ ਲੱਖੀ ਵਾਸੀ ਮੋਨਾ ਕਲਾ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀਆਂ ਨੇ ਰਿਹਾਣਾ ਜੱਟਾਂ ਦੀ ਦਾਣਾ ਮੰਡੀ 'ਚ ਮਜਦੂਰਾਂ ਦੇ ਉਸ ਸਮੇਂ ਫੋਨ ਚੋਰੀ ਕੀਤੇ ਸਨ ਜਦੋਂ ਉਹ ਰਾਤ ਨੂੰ ਆਰਾਮ ਕਰ ਰਹੇ ਸਨ।

ਲੜਾਈ ਦੌਰਾਨ ਗੁੰਮ ਹੋਈ ਚੇਨੀ ਪੁਲਸ ਵੱਲੋਂ ਬਰਾਮਦ

ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)- ਪਿੰਡ ਬੋਹਾਨੀ 'ਚ ਦੋ ਧੜ੍ਹਿਆਂ ਦੀ ਹੋਈ ਲੜਾਈ 'ਚ ਇੱਕ ਧਿਰ ਦੀ ਗੁੰਮ ਹੋਈ ਚੈਨੀ ਨੂੰ ਪੁਲਸ ਨੇ ਇੱਕ ਵਿਅਕਤੀ ਪਾਸੋਂ ਬ੍ਰਾਮਦ ਕਰਕੇ ਉਸ ਖਿਲਾਫ ਧਾਰਾ 379, 411 ਆਈ.ਪੀ.ਸੀ ਤਹਿਤ ਕੇਸ ਦਰਜ ਕੀਤਾ ਹੈ। ਥਾਣੇਦਾਰ ਹਰਦੀਪ ਸਿੰਘ ਨੇ ਦੱਸਿਆ ਕਿ ਰਣਜੀਤ ਸਿੰਘ ਵਾਸੀ ਸਿਰਨਾਮਾ ਨਾਮੀ ਵਿਅਕਤੀ ਜੋ ਆਪਣੇ ਰਿਸ਼ਤੇਦਾਰਾਂ ਦੇ ਘਰ ਆਇਆ ਸੀ ਤੇ ਉਸਦੀ ਕਿਸੇ ਵਿਅਕਤੀ ਨਾਲ ਲੜਾਈ ਹੋਈ ਸੀ। ਉਸਦੀ ਚੈਨੀ ਮੌਕੇ 'ਤੇ ਗੁੰਮ ਹੋ ਗਈ ਜਿਸ ਸਬੰਧੀ ਇਸੇ ਹੀ ਪਿੰਡ ਦੇ ਗੁਰਪ੍ਰੀਤ ਉਰਫ ਗੋਪੀ ਤੋਂ ਪੁੱਛਗਿੱਛ ਦੌਰਾਨ ਇਹ ਚੈਨੀ ਬ੍ਰਾਮਦ ਹੋ ਗਈ ਹੈ।

ਖੰਭੇ ਨਾਲ ਮੋਟਰਸਾਈਕਲ ਟਕਰਾਉਣ 'ਤੇ ਸਾਬਕਾ ਸਰਪੰਚ ਦੀ ਮੌਤ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)-ਪਿੰਡ ਭੋਗੀਪੁਰ ਦੇ ਸਾਬਕਾ ਸਰਪੰਚ ਦੀ ਸਵੇਰੇ ਇਕ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਇਹ ਹਾਦਸਾ ਮੋਟਰਸਾਈਕਲ ਦੇ ਅਸੰਤੁਲਿਤ ਹੋ ਕੇ ਇਕ ਖੰਭੇ ਨਾਲ ਟਕਰਾਉਣ 'ਤੇ ਵਾਪਰਿਆ। ਏ.ਐੱਸ.ਆਈ. ਤੇਜਿੰਦਰ ਸਿੰਘ ਨੇ ਦੱਸਿਆ ਕਿ ਤੀਰਥ ਰਾਮ (62) ਪੁੱਤਰ ਜਗਤ ਰਾਮ ਜੋ ਪਿੰਡ ਭੋਗੀਪੁਰ ਦਾ ਸਾਬਕਾ ਸਰਪੰਚ ਵੀ ਸੀ ਸਵੇਰੇ ਕਰੀਬ ਸਾਢੇ 9 ਵਜੇ ਪਿੰਡ ਤੋਂ ਲਖਣੋਂ ਵਿਖੇ ਰਹਿੰਦੀ ਆਪਣੀ ਭੈਣ ਨੂੰ ਮਿਲਣ ਲਈ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਾ ਰਿਹਾ ਸੀ। ਮਗਰ ਸਵੇਰੇ ਕਰੀਬ 10 ਕੁ ਵਜੇ ਜਦੋਂ ਉਹ ਸੈਣੀਮਾਜਰਾ-ਲਖਣੋਂ ਮਾਰਗ 'ਤੇ ਪਿੰਡ ਕੁੰਭੇਵਾਲ ਨਜ਼ਦੀਕ ਪਹੁੰਚਿਆ ਤਾਂ ਅਚਾਨਕ ਉਸਦੇ ਮੋਟਰਸਾਈਕਲ ਦਾ ਸੰਤੁਲਨ ਵਿਗੜ ਗਿਆ ਤੇ ਇਕ ਖੰਭੇ ਨਾਲ ਟਕਰਾਉਣ 'ਤੇ ਉਸਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ। ਉਸ ਨੂੰ ਤੁਰੰਤ ਰਾਹਗੀਰਾਂ ਵੱਲੋਂ ਇਲਾਜ ਲਈ ਹਸਪਤਾਲ ਵਿਖੇ ਪਹੁੰਚਾਇਆ ਗਿਆ ਮਗਰ ਉਸਨੇ ਦਮ ਤੋੜ ਦਿੱਤਾ। ਮ੍ਰਿਤਕ ਦੇ ਭਰਾ ਸੁਰਜੀਤ ਸਿੰਘ ਦੇ ਬਿਆਨਾਂ 'ਤੇ ਪੁਲਸ ਨੇ 174 ਤਹਿਤ ਕਾਰਵਾਈ ਕਰਕੇ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਭੇਜ ਦਿੱਤਾ।

ਕੈਨੇਡੀਅਨ ਆਗੂ ਦੁਸਾਂਝ ਵੱਲੋਂ ਸੰਧਵਾਂ ਨਾਲ ਮੁਲਾਕਾਤ, ਪ੍ਰਵਾਸੀ ਮਸਲੇ ਵਿਚਾਰੇ

ਚੰਡੀਗੜ੍ਹ, (ਗੁਰਜੀਤ ਬਿੱਲਾ)-ਕੈਨੇਡਾ ਦੇ ਸਾਬਕਾ ਸਿਹਤ ਮੰਤਰੀ ਅਤੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਉਜਲ ਦੋਸਾਂਝ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਮੁਲਾਕਾਤ ਕੀਤੀ ਗਈ। ਸੰਧਵਾਂ ਦੀ ਸਰਕਾਰੀ ਰਿਹਾਇਸ਼ ਵਿਖੇ ਇਸ ਮੁਲਾਕਾਤ ਦੌਰਾਨ ਦੋਹਾਂ ਆਗੂਆਂ ਵਿਚਕਾਰ ਪ੍ਰਵਾਸੀ ਪੰਜਾਬੀਆਂ ਨਾਲ ਸਬੰਧਤ ਮਸਲਿਆਂ ਨੂੰ ਸੁਲਝਾਉਣ ਲਈ ਵਿਚਾਰ-ਚਰਚਾ ਕੀਤੀ ਗਈ। ਸੰਧਵਾਂ ਨੇ ਦੋਸਾਂਝ ਕੋਲ ਕੈਨੇਡਾ ਵਿੱਚ ਪੜ੍ਹਨ ਗਏ ਪੰਜਾਬੀ ਵਿਦਿਆਰਥੀਆਂ ਦੇ ਆਰਥਿਕ ਸੋਸ਼ਣ ਦਾ ਮਸਲਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਆਰਥਿਕ ਸ਼ੋਸ਼ਣ ਕਾਰਨ ਕੈਨੇਡਾ ਵਿੱਚ ਰਹਿ ਰਹੇ ਪੰਜਾਬੀ ਵਿਦਿਆਰਥੀਆਂ ਦੀ ਮਾਨਸਿਕ ਸਿਹਤ 'ਤੇ ਉਲਟ ਅਸਰ ਪੈ ਰਿਹਾ ਹੈ, ਇਸ ਲਈ ਸਰਕਾਰ ਨੂੰ ਇਸ ਮਸਲੇ 'ਤੇ ਜਲਦ ਕਦਮ ਚੁੱਕਣ ਦੀ ਲੋੜ ਹੈ। ਸਪੀਕਰ ਨੇ ਕਿਹਾ ਕਿ ਪੰਜਾਬੀ ਵਿਦਿਆਰਥੀਆਂ ਦੀ ਇਸ ਮਾਮਲੇ ਵਿੱਚ ਮਦਦ ਕੀਤੀ ਜਾਵੇ। ਦੋਸਾਂਝ ਨੇ ਅਜਿਹੇ ਮਾਮਲਿਆਂ ਨੂੰ ਜਲਦ ਕੈਨੇਡੀਅਨ ਸਰਕਾਰ ਕੋਲ ਚੁੱਕਣ ਦਾ ਭਰੋਸਾ ਦਿਵਾਇਆ। ਦੋਸਾਂਝ ਵੱਲੋਂ ਵੀ ਕੈਨੇਡਾ ਵਸਦੇ ਪੰਜਾਬੀਆਂ ਨਾਲ ਸਬੰਧਤ ਸੂਬੇ ਦੇ ਮਾਮਲੇ ਵੀ ਸਪੀਕਰ ਸੰਧਵਾਂ ਦੇ ਧਿਆਨ ਵਿੱਚ ਲਿਆਂਦੇ ਗਏ, ਜਿਨ੍ਹਾਂ ਨੂੰ ਜਲਦ ਹੱਲ ਕਰਨ ਲਈ ਸੰਧਵਾਂ ਨੇ ਅੱਗੇ ਸਰਕਾਰ ਨੂੰ ਭੇਜਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਵਸਦੇ ਸਾਡੇ ਭੈਣ-ਭਰਾਵਾਂ ਦੇ ਹੱਕਾਂ ਦੀ ਰਾਖੀ ਕਰਨ ਲਈ ਪੰਜਾਬ ਸਰਕਾਰ ਸਦਾ ਤਤਪਰ ਹੈ। ਇਸ ਮੌਕੇ ਟੋਰਾਂਟੋ ਵਿੱਚ ਬੈਰਿਸਟਰ ਤੇ ਸਾਲਿਸਟਰ ਹਿੰਮਤ ਸਿੰਘ ਸ਼ਰਗਿੱਲ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਜੀ.ਬੀ.ਐਸ. ਢਿੱਲੋਂ ਵੀ ਮੌਜੂਦ ਸਨ।

ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਇੱਕ ਦੀ ਮੌਤ, ਇੱਕ ਜ਼ਖ਼ਮੀ

ਫਗਵਾੜਾ, (ਇੰਦਰਜੀਤ ਮਠਾੜੂ)- ਪਿੰਡ ਨਰੂੜ ਲਾਗੇ ਕਾਰ ਤੇ ਮੋਟਰਸਾਈਕਲ ਦੀ ਹੋਈ ਟੱਕਰ 'ਚ ਇੱਕ 25 ਸਾਲਾ ਨੌਜਵਾਨ ਦੀ ਮੌਤ ਹੋ ਗਈ, ਜਿਸ ਦੀ ਪਛਾਣ ਕਰਮਵੀਰ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਪਿੰਡ ਭੂੰਗਰਨੀ ਥਾਣਾ ਮੇਹਟੀਆਣਾ ਵਜੋਂ ਹੋਈ ਹੈ ਜਦਕਿ ਮਗਰ ਬੈਠਾ ਜੈ ਸਿੰਘ ਵਾਸੀ ਭੂੰਗਰਨੀ ਗੰਭੀਰ ਜਖਮੀ ਹੋ ਗਿਆ ਜਿਸ ਨੂੰ ਫਗਵਾੜਾ ਦੇ ਸਿਵਲ ਹਸਪਤਾਲ 'ਚ ਇਲਾਜ ਲਈ ਭਰਤੀ ਕਰਵਾਇਆ ਗਿਆ

22-MAY-PAGE-10.qxd 5/21/2023 9:55 PM Page 1

ਠੇਕਾ ਮੁਲਾਜ਼ਮਾਂ ਨੇ ਫੂਕਿਆ ਪੰਜਾਬ ਸਰਕਾਰ ਦਾ ਪੁਤਲਾ

ਆਪ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੇ ਰਾਹ ਤੁਰੀ : ਆਗੂ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪੰਜਾਬ ਸਰਕਾਰ ਵੱਲੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਨੂੰ 14 ਵਾਰ ਮੀਟਿੰਗਾਂ

ਕਰਨ ਦੇ ਲਿਖਤੀ ਭਰੋਸੇ ਦੇ ਕੇ ਮੀਟਿੰਗਾਂ ਨਾ ਕਰਨ ਤੇ ਸਮੂਹ ਵਿਭਾਗਾਂ ਦੇ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਦੀਆਂ ਲੰਬੀਆਂ ਸੇਵਾਵਾਂ ਨੂੰ ਅਣ-ਵੇਖਿਆ ਕਰਕੇ ਵਿਭਾਗਾਂ ਵਿੱਚ ਰੈਗੂਲਰ ਨਾ ਕਰਨ ਦੇ ਵਿਰੋਧ ਵਜੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚੇ ਦੇ ਸੱਦੇ 'ਤੇ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੇ ਰੋਸ ਰੈਲੀ ਕਰਨ ਉਪਰੰਤ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ। ਇਸ ਦੌਰਾਨ ਇਕੱਤਰ ਠੇਕਾ ਕਾਮਿਆਂ ਨੇ ਪੰਜਾਬ ਸਰਕਾਰ ਦੀਆਂ ਨੀਤੀਆਂ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।

ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਦੇ ਬਲਾਕ ਆਗੂ ਸਤਿਗੁਰ ਸਿੰਘ ਮੌਲਵੀਵਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਬਣਾਈ ਸਬ-ਕਮੇਟੀ ਵੀ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨਾਲ ਬੇਈਮਾਨੀ ਵਾਲੇ ਵਤੀਰੇ ਨੂੰ ਜਾਰੀ ਰੱਖ ਰਹੀ ਹੈ। ਉਨ੍ਹਾਂ ਕਿਹਾ ਕਿ ਆਊਟਸੋਰਸਡ, ਇਨਲਿਸਟਮੈਂਟ, ਠੇਕੇਦਾਰਾਂ, ਕੰਪਨੀਆਂ ਤੇ ਸੁਸਾਇਟੀਆਂ ਆਦਿ ਰਾਹੀਂ ਪਿਛਲੇ 15-20 ਸਾਲਾਂ ਦੇ ਲੰਬੇ ਅਰਸੇ ਤੋਂ ਨਿਗੂਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਸੇਵਾਵਾਂ ਦਿੰਦੇ ਆ ਰਹੇ ਠੇਕਾ ਮੁਲਾਜ਼ਮਾਂ ਨਾਲ ਬੇਇਨਸਾਫ਼ੀ ਕਰ ਰਹੀ ਹੈ ਤੇ ਪੰਜਾਬ ਸਰਕਾਰ ਵੱਲੋਂ ਆਪਣੇ ਸਵਾ ਸਾਲ ਦੇ ਕਾਰਜਕਾਲ ਵਿੱਚ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਬਾਰੇ ਕੋਈ ਨੀਤੀ ਨਹੀਂ ਬਣਾਈ, ਜਿਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਆਪ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਸੁਹਿਰਦ ਨਹੀਂ। ਉਨ੍ਹਾਂ ਮੰਗ ਕੀਤੀ ਕਿ ਸਾਰੇ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਪਹਿਲ ਤੇ ਤਜ਼ਜਬੇ ਦੇ ਅਧਾਰ 'ਤੇ ਵਿਭਾਗਾਂ ਵਿੱਚ ਮਰਜ਼ ਕਰਕੇ ਰੈਗੂਲਰ ਕੀਤਾ ਜਾਵੇ। ਪੰਦਰਵੀਂ ਲੇਬਰ ਕਾਨਫਰੰਸ ਦੇ ਫਾਰਮੂਲੇ ਮੁਤਾਬਿਕ ਇੱਕ ਅਣ-ਸਿੱਖਿਅਤ ਠੇਕਾ ਮੁਲਾਜ਼ਮ ਦੀ ਤਨਖ਼ਾਹ ਘੱਟੋ-ਘੱਟ 25 ਹਜ਼ਾਰ ਰੁਪਏ ਨਿਸ਼ਚਿਤ ਕਰਨ ਦੇ ਨਾਲ-ਨਾਲ ਡਿਊਟੀ ਦੌਰਾਨ ਜਾਨ ਗਵਾ ਚੁੱਕੇ ਸਮੂਹ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਦੇ ਵਾਰਸਾਂ ਨੂੰ ਯੋਗ ਮੁਆਵਜ਼ਾ ਤੇ ਸਰਕਾਰੀ ਨੌਕਰੀ ਦਿੱਤੀ ਜਾਵੇ ਅਤੇ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੁੱਖ ਸਿੰਘ, ਸਲਿੰਦਰ ਸਿੰਘ ਜੱਗੀ, ਬੂਟਾ ਸਿੰਘ, ਬਲਵੀਰ ਸਿੰਘ, ਰਜੇਸ਼ ਕੁਮਾਰ ਆਦਿ ਹਾਜ਼ਰ ਸਨ।

'ਸਵੱਛ ਭਾਰਤ ਮੁਹਿੰਮ' ਦਾ ਮੂੰਹ ਚਿੜਾ ਰਿਹੈ ਗੁਰੂ ਘਰ ਨੇੜੇ ਖੜਾ ਗੰਦਾ ਪਾਣੀ

ਬਦਬੂ ਨੇ ਲੋਕਾਂ ਦਾ ਜੀਣਾ ਕੀਤਾ ਦੁੱਭਰ

ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)-ਲਹਿਰਾ ਮੁਹੱਬਤ ਵਿਖੇ ਗੰਦਗੀ ਤੇ ਪ੍ਰਦੂਸ਼ਣ ਫੈਲਾਅ ਰਿਹਾ ਤੇ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਗੁਰਦਆਰਾ ਪਾਤਸ਼ਾਹੀ ਸੱਤਵੀਂ ਨੇੜਲਾ ਨਾਂਗੇ ਵਾਲਾ ਛੱਪੜ ਨੇੜਲੇ ਘਰਾਂ ਦੇ ਵਾਸੀਆਂ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਹੈ। ਗਰਮੀ ਦੇ ਹੁੰਮਸ ਭਰੇ ਮਾਹੌਲ 'ਚ ਓਵਰਫਲੋ ਹੋ ਕੇ ਗਲੀਆਂ 'ਚ ਖੜੇ ਗੰਦਗੀ ਭਰੇ ਪਾਣੀ ਦੀ ਬਦਬੂ ਨੇ ਲੋਕਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ। ਤਿੰਨ ਗਲੀਆਂ ਦੇ ਵਿਚਕਾਰ ਸਥਿੱਤ ਗੁਰੂ ਘਰ ਦੇ ਆਸ-ਪਾਸ ਸੜ੍ਹਾਂਦ ਮਾਰਦੇ ਗੰਦੇ ਪਾਣੀ ਨਾਲ ਗਲੀਆਂ/ਨਾਲੀਆਂ ਨੱਕੋ-ਨੱਕ ਭਰੀਆ ਰਹਿੰਦੀਆਂ ਹਨ। ਛੱਪੜ ਦੇ ਪਾਣੀ ਦਾ ਢੁੱਕਵਾਂ ਨਿਕਾਸ ਨਾ ਹੋਣ ਕਾਰਨ ਆਸ-ਪਾਸ ਫੈਲੀ ਗੰਦਗੀ 'ਸਵੱਛ ਭਾਰਤ ਮੁਹਿੰਮ' ਦਾ ਮੂੰਹ ਚਿੜਾਉਂਦੀ ਨਜ਼ਰ ਆ ਰਹੀ ਹੈ। ਲੋਕਾਂ ਨੂੰ ਲਾਂਘੇ ਸਮੇਂ ਗੰਦਗੀ ਭਰੇ ਪਾਣੀ 'ਚੋਂ ਗੁਜ਼ਰਨਾ ਪੈਂਦਾ ਹੈ। ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਦ ਬਿਨਾਂ ਮੀਂਹ ਤੋਂ ਸੁੱਕੇ ਅੰਬਰੀ ਇਹ ਹਾਲ ਹੈ ਤਾਂ ਨੇੜੇ ਆ ਰਹੇ ਬਰਸਾਤ ਦੇ ਮੌਸਮ ਦੌਰਾਨ ਹਾਲਤ ਕੀ ਹੋਵੇਗੀ। ਇਸ ਛੱਪੜ ਦਾ ਪਾਣੀ ਅਕਸਰ ਹੀ ਬਿਨਾਂ ਮੀਂਹ ਪਏ ਤੋਂ ਗਲੀਆਂ ਵਿੱਚ ਆ ਜਾਂਦਾ ਹੈ ਤੇ ਮੀਂਹ ਵਗੈਰਾ ਪੈਣ 'ਤੇ ਤਾਂ ਕਈ-ਕਈ ਦਿਨ ਗੁਰੂ ਘਰ ਪਾਣੀ ਵਿੱਚ ਘਿਰਿਆ ਰਹਿੰਦਾ ਹੈ। ਗੁਰੂ ਘਰ ਦੇ ਗੇਟ ਅੱਗੇ ਚੌਰਸਤੇ ਵਿੱਚ ਪਾਣੀ ਭਰਿਆ ਹੋਣ ਕਰਕੇ ਲੋਕਾਂ ਨੂੰ ਬਹੁਤ ਹੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਕਾਂ ਦੇ ਦੱਸਣ ਮੁਤਾਬਿਕ ਇਸ ਛੱਪੜ 'ਤੇ ਜੋ ਮੋਟਰ ਲੱਗੀ ਹੋਈ ਹੈ, ਉਸ ਨੂੰ ਬਹੁਤ ਹੀ ਘੱਟ ਚਲਾਇਆ ਜਾਂਦਾ ਹੈ। ਨਿਕਾਸੀ ਵਾਲੀਆਂ ਪਾਈਪਾਂ ਮਿੱਟੀ ਨਾਲ

ਭਰੀਆਂ ਪਈਆਂ ਹਨ। ਪਾਈਪਾਂ ਦੀ ਸਫਾਈ ਕਰਵਾਕੇ ਓਵਰਫਲੋ ਹੋਏ ਛੱਪੜ ਦੇ ਪਾਣੀ ਦੀ ਨਿਕਾਸੀ ਕਰਕੇ ਪਾਣੀ ਬਾਹਰ ਕੱਢਣ ਦਾ ਉਚਿੱਤ ਪ੍ਰਬੰਧ ਹੋਣਾ ਚਾਹੀਦਾ ਹੈ। ਨੇੜਲੇ ਵਾਸੀਆਂ ਨੇ ਮੰਗ ਕੀਤੀ ਕਿ ਮੀਂਹ ਦਾ ਮੌਸਮ ਨੇੜੇ ਹੋਣ ਕਰਕੇ ਇਸ ਸਮੱਸਿਆ ਦਾ ਤੁਰੰਤ ਸਥਾਈ ਹੱਲ ਕੀਤਾ ਜਾਵੇ। ਚਿਤਾਵਨੀ ਵੀ ਦਿੱਤੀ ਕਿ ਨਗਰ ਪੰਚਾਇਤ ਦਫਤਰ ਦੇ ਵਾਰ-ਵਾਰ ਧਿਆਨ ਵਿੱਚ ਲਿਆਂਦੇ ਜਾਣ ਦੇ ਬਾਵਜੂਦ ਸਮੱਸਿਆ ਬਾਰੇ ਕੋਈ ਗੌਰ ਨਹੀਂ ਕੀਤੀ ਗਈ ਤੇ ਜੇਕਰ ਜਲਦ ਹੀ ਇਸ ਦਾ ਪੱਕਾ ਹੱਲ ਨਾ ਹੋਇਆ ਤਾਂ ਸੰਘਰਸ਼ ਵੀ ਵਿੱਢਿਆ ਜਾ ਸਕਦਾ ਹੈ।

ਨਜਾਇਜ਼ ਅਸਲੇ ਸਮੇਤ ਕਾਬੂ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪਾਤੜਾਂ ਪੁਲਸ ਨੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਉਸ ਕੋਲੋਂ ਨਜਾਇਜ਼ ਦੇਸੀ ਰਿਵਾਲਰ ਤੇ 2 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਕਾਬੂ ਕੀਤੇ ਗਏ ਵਿਅਕਤੀ ਖਿਲਾਫ ਕੇਸ ਦਰਜ ਕਰਕੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦਿਆਂ ਸਿਟੀ ਪੁਲਸ ਚੌਕੀ ਪਾਤੜਾਂ ਦੇ ਇੰਚਾਰਜ ਬਲਜੀਤ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਤੇਜਾ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਕਰ ਰਹੀ ਸੀ। ਇਸ ਦੌਰਾਨ ਗਿੱਲ ਚੌਕ ਪਾਤੜਾਂ ਵਿਖੇ ਇੱਕ ਵਿਅਕਤੀ ਦੀ ਸ਼ੱਕ ਦੇ ਅਧਾਰ 'ਤੇ ਰੋਕ ਕੇ ਤਲਾਸ਼ੀ ਲੈਣ 'ਤੇ ਉਸ ਕੋਲੋਂ ਇੱਕ ਦੇਸੀ ਕੱਟਾ 315 ਬੋਰ ਸਮੇਤ ਦੋ ਜ਼ਿੰਦਾ ਕਾਰਤੂਸ 315 ਬੋਰ ਬਰਾਮਦ ਕੀਤੇ ਗਏ। ਉਨ੍ਹਾ ਦੱਸਿਆ ਕਿ ਕਾਬੂ ਕੀਤੇ ਗਏ ਵਿਅਕਤੀ ਦੀ ਪਹਿਚਾਣ ਸੋਨੀ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਮੇਲਾ ਪੱਤੀ ਪਿੰਡ ਬੱਲਰਾਂ ਥਾਣਾ ਮੂਨਕ ਜ਼ਿਲ੍ਹਾ ਸੰਗਰੂਰ ਵਜੋਂ ਹੋਈ ਹੈ ਤੇ ਇਸ ਖਿਲਾਫ ਕੇਸ ਦਰਜ ਕਰਕੇ ਹੋਰ ਪੁੱਛ ਪੜਤਾਲ ਲਈ ਇਸ ਨੂੰ ਅਦਾਲਤ 'ਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।

ਮਜ਼ਦੂਰ ਮੁਕਤੀ ਮੋਰਚਾ ਦੀ ਮੀਟਿੰਗ

ਭੀਖੀ, (ਧਰਮਵੀਰ ਸ਼ਰਮਾ)-ਮਜ਼ਦੂਰ ਮੁਕਤੀ ਮੋਰਚਾ ਵੱਲੋਂ ਸਥਾਨਕ ਵਾਰਡ ਨੰ. 12 ਵਿਖੇ ਇੱਕ ਮੀਟਿੰਗ ਕਰਵਾਈ ਗਈ। ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਦਿਨੇਸ਼ ਨੇ ਕਿਹਾ ਕਿ ਸਰਕਾਰ ਵਾਅਦੇ ਪੂਰੇ ਕਰੇ ਔਰਤਾਂ ਦਾ ਇੱਕ ਹਜ਼ਾਰ ਦੇ

ਹਿਸਾਬ ਨਾਲ ਪੈਸਾ ਦੇਵੇ। ਨਰਮਾ ਚੁਗਾਈ ਦਾ ਮੁਆਵਜ਼ਾ 700 ਦਿਹਾੜੀ, ਤੀਜੇ ਹਿੱਸੇ ਦੀ ਜ਼ਮੀਨ ਦੀ ਵਾਹੀ ਦਲਿਤਾਂ ਨੂੰ ਦੇਣਾ ਯਕੀਨੀ ਕਰੇ। ਉਨ੍ਹਾ ਕਿਹਾ ਕਿ ਇਸ ਸਬੰਧੀ ਹੋਰ ਮੰਗਾਂ ਨੂੰ ਲੈ ਕੇ ਮਾਨਸਾ ਤਹਿਸੀਲ 'ਤੇ ਧਰਨਾ ਦਿੱਤਾ ਜਾਵੇਗਾ। ਲਿਬਰੇਸ਼ਨ ਦੇ ਸਕੱਤਰ ਕਾ. ਧਰਮਪਾਲ ਨੀਟਾ ਨੇ ਸਰਕਾਰ ਵੱਲੋਂ ਮਜ਼ਦੂਰ ਜਮਾਤ ਨੂੰ ਲਗਾਤਾਰ ਅਣਦੇਖਿਆ ਕਰਨ, ਰੁਜ਼ਗਾਰ ਦਾ ਪ੍ਰਬੰਧ ਨਾ ਕਰਨ, ਨਸ਼ਿਆਂ ਤੇ ਰੋਕਥਾਮ ਲਗਾਉਣ 'ਚ ਨਾਕਾਮ ਰਹਿਣ ਤੇ ਮਜ਼ਦੂਰਾਂ ਦੀ ਕੋਈ ਵੀ ਮੰਗ ਲਾਗੂ ਨਾ ਕਰਨ ਦੀ ਨਿੰਦਾ ਕੀਤੀ ਤੇ ਸੱਦਾ ਦਿੱਤਾ ਕਿ ਆਪਣੀ ਤਾਕਤ ਮਜ਼ਬੂਤ ਕਰ ਸਰਕਾਰ ਨੂੰ ਘੇਰਿਆ ਜਾਵੇ। ਉਨ੍ਹਾਂ ਕਿਹਾ ਕਿ 22 ਮਈ ਨੂੰ ਭੀਖੀ ਵਿਖੇ ਨਸ਼ਿਆਂ ਖ਼ਿਲਾਫ ਕੀਤੇ ਜਾ ਰਹੇ ਸੰਘਰਸ਼ ਵਿੱਚ ਲੋਕ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ। ਇਸ ਮੌਕੇ ਮੈਂਬਰਸ਼ਿਪ ਮੁਹਿੰਮ ਲਈ ਆਰਜ਼ੀ 11 ਮੈਂਬਰੀ ਕਮੇਟੀ ਬਣਾਈ ਗਈ। ਮੀਟਿੰਗ ਵਿੱਚ ਸਾਥੀ ਰਘਬੀਰ ਸਿੰਘ, ਯਾਦਵਿੰਦਰ ਤੇ ਹਰਪ੍ਰੀਤ ਕੌਰ (ਕਨਵੀਨਰ) ਨੇ ਵੀ ਆਪਣੇ ਵਿਚਾਰ ਰੱਖੇ। ਇਸ ਤੋਂ ਬਾਅਦ ਪਾਰਟੀ ਵੱਲੋਂ ਜੰਗ ਵਿਰੋਧੀ ਲਹਿਰ ਦੇ ਸ਼ਹੀਦਾਂ ਬਲਵਿੰਦਰ ਸਮਾਉਂ ਤੇ ਸ਼ਹੀਦ ਮਨੋਜ ਭੀਖੀ ਨੂੰ ਸ਼ਰਧਾਂਜਲੀ ਦਿੱਤੀ ਗਈ।

ਕਾਤਰਾਂ

ਜਥੇਦਾਰ ਲੀਲਾ ਸਿੰਘ ਦੇ ਭਤੀਜੇ ਦਾ ਦਿਹਾਂਤ

ਚੀਮਾ ਮੰਡੀ, (ਰਵਿੰਦਰ ਚੀਮਾ)-ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਆਗੂ ਜਥੇਦਾਰ ਲੀਲਾ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾ ਦੇ ਭਤੀਜੇ ਸਰਬਜੀਤ ਸਿੰਘ ਦਾ ਅਚਾਨਕ ਦੇਹਾਂਤ ਹੋ ਗਿਆ। ਇਸ ਮੌਤ 'ਤੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਅਮਨਵੀਰ ਸਿੰਘ ਚੈਰੀ, ਰਵਿੰਦਰ ਬਾਂਸਲ ਚੇਅਰਮੈਨ ਮਾਡਰਨ ਕਾਲਜ ਬੀਰ ਕਲਾਂ, ਸਤਿਗੁਰ ਸਿੰਘ ਅਨਮੋਲ, ਰੂਪ ਸਿੰਘ ਸ਼ੇਰੋਂ, ਬਿੰਦਰਪਾਲ ਨਮੋਲ, ਜਥੇਦਾਰ ਰਹੀ ਸਿੰਘ ਸ਼ਾਹਪੁਰ, ਸਤਿਗੁਰੂ ਸਿੰਘ ਵਾਲੀ ਮੈਂਬਰ ਨਗਰ ਪੰਚਾਇਤ ਚੀਮਾ, ਗੁਰਦੀਪ ਸਿੰਘ ਔਲਖ, ਜਸਵੰਤ ਬਾਂਸਲ, ਸਾਬਕਾ ਸਰਪੰਚ ਨਿਰਮਲ ਸਿੰਘ ਤੋਲਾਵਾਲ, ਜਗਰਾਜ ਸਿੰਘ ਤੋਲਾਵਾਲ, ਮਨਧੀਰ ਸਿੰਘ ਗਰੇਵਾਲ ਤੋਂ ਇਲਾਵਾ ਵੱਖ ਵੱਖ ਰਾਜਨੀਤਕ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਭਾਰੀ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮ੍ਰਿਤਕ ਨਮਿੱਤ ਪਾਠ ਦੇ ਭੋਗ 23 ਮਈ ਨੂੰ ਗੁਰਦੁਆਰਾ ਜਨਮ ਅਸਥਾਨ ਚੀਮਾ ਵਿਖੇ ਪਾਏ ਜਾਣਗੇ।

ਸਕੂਲੀ ਬੱਚਿਆਂ ਨੂੰ ਭਰਤੀ ਹੋਣ ਲਈ ਕੀਤਾ ਜਾਗਰੂਕ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਬੀ ਐੱਸ ਐੱਫ ਦੀ 182 ਬਟਾਲੀਅਨ ਵੱਲੋਂ ਮਮਦੋਟ ਦੇ ਸਰਹੱਦੀ ਪਿੰਡ ਫਾਰੂ ਵਾਲਾ ਵਿਖੇ ਕੈਂਪ ਲਗਾ ਕੇ ਸਕੂਲੀ ਬੱਚਿਆਂ ਨੂੰ ਬੀਐੱਸਐੱਫ ਅਤੇ ਸੀਆਰਪੀਐੱਫ ਵਿੱਚ ਭਰਤੀ ਹੋਣ ਲਈ ਜਾਗਰੂਕ ਕੀਤਾ ਗਿਆ। ਇਸ ਦੌਰਾਨ 182 ਬਟਾਲੀਅਨ ਦੇ ਸਹਾਇਕ ਕਮਾਡੈਂਟ ਪੰਕਜ ਕੁਮਾਰ ਵੱਲੋਂ ਸਰਕਾਰੀ ਸਕੂਲ ਵਿੱਚ ਲਾਏ ਗਏ ਜਾਗਰੂਕਤਾ ਕੈਂਪ ਦੌਰਾਨ ਦੱਸਿਆ ਕਿ ਬੀ ਐੱਸ ਐੱਫ ਤੇ ਸੀ ਆਰ ਪੀ ਐੱਫ ਵਿੱਚ ਭਰਤੀ ਹੋ ਕੇ ਕਿਸ ਤਰ੍ਹਾਂ ਦੇਸ਼ ਦੀ ਰੱਖਿਆ ਵਿੱਚ ਯੋਗਦਾਨ ਪਾਇਆ ਜਾਵੇ।ਇਸ ਦੌਰਾਨ ਬੀ ਐੱਸ ਐੱਫ ਦੇ ਜਵਾਨਾਂ ਨੇ ਸਕੂਲੀ ਬੱਚਿਆਂ ਨੂੰ ਸ਼ਹੀਦ ਆਰ ਕੇ ਵਧਵਾ ਦੇ ਸ਼ਹੀਦੀ ਸਮਾਰਕ ਚੌਕ ਪੋਸਟ ਰਾਜਾ ਮੋਹਤਮ ਵਿਖੇ ਬਣਾਏ ਗਏ ਮਿਊਜ਼ੀਅਮ ਸਬੰਧੀ ਵੀ ਜਾਣਕਾਰੀ ਦਿੱਤੀ ਗਈ।

ਮੱਖਣ ਜਿੰਦਲ, ਵਿਵੇਕ ਗਰਗ ਤੇ ਭਾਰਤ ਭੂਸ਼ਣ ਭਾਜਪਾ ਸੂਬਾ ਕਾਰਜਕਾਰਨੀ ਮੈਂਬਰ ਨਿਯੁਕਤ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਭਾਰਤੀ ਜਨਤਾ ਪਾਰਟੀ ਦੀ ਹਾਈਕਮਾਂਡ ਵੱਲੋਂ ਸੂਬਾ ਕਾਰਜਕਾਰਨੀ ਦੀ ਸੂਚੀ ਵਿੱਚ ਨਗਰ ਕੌਂਸਲ ਰਾਮਪੁਰਾ ਫੂਲ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਮੱਖਣ ਜਿੰਦਲ, ਸੀਨੀਅਰ ਭਾਜਪਾ ਆਗੂ ਵਿਵੇਕ ਗਰਗ ਤੇ ਭਾਰਤ ਭੂਸ਼ਣ ਗਰਗ ਸਾਬਕਾ ਜ਼ਿਲ੍ਹਾ ਪ੍ਰਧਾਨ ਨੂੰ ਸੂਬਾ ਕਾਰਜਕਾਰਨੀ ਮੈਂਬਰ ਨਿਯੁਕਤ ਕੀਤਾ ਗਿਆ ਹੈ। ਉਪਰੋਕਤ ਤਿੰਨਾਂ ਆਗੂਆਂ ਦੀ ਸੂਬਾ ਕਾਰਜਕਾਰਨੀ ਮੈਂਬਰ ਵੱਜੋਂ ਨਿਯੁਕਤੀ 'ਤੇ ਰਾਮਪੁਰਾ ਫੂਲ ਦੇ ਭਾਜਪਾ ਆਗੂਆਂ ਤੇ ਵਰਕਰਾਂ 'ਚ ਖੁਸ਼ੀ ਦੀ ਲਹਿਰ ਫੈਲ ਗਈ ਹੈ। ਉਪਰੋਕਤ ਤਿੰਨਾਂ ਆਗੂਆਂ ਨੇ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ, ਸੂਬਾ ਇੰਚਾਰਜ ਵਿਜੇ ਰੁਪਾਨੀ, ਸੂਬਾ ਜਨਰਲ ਸਕੱਤਰ ਸ੍ਰੀਨਿਵਾਸਨ, ਜੀਵਨ ਗੁਪਤਾ, ਰਾਜੇਸ਼ ਬੱਗਾ, ਗੁਰਪ੍ਰੀਤ ਸਿੰਘ ਤੇ ਮੋਨਾ ਜੈਸਵਾਲ ਸਮੇਤ ਭਾਜਪਾ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿਵਾਇਆ।

ਨਗਰ ਕੌਂਸਲ ਤੇ ਟ੍ਰੈਫਿਕ ਪੁਲਸ ਨੇ ਨਜਾਇਜ਼ ਕਬਜ਼ੇ ਹਟਵਾਏ

ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)-ਯੂਨਾਇਟਡ ਨੇਸ਼ਨ ਗਲੋਬਲ ਰੋਡ ਸੇਫਟੀ ਵੀਕ ਤਹਿਤ ਨਗਰ ਕੌਂਸਲ ਤੇ ਟ੍ਰੈਫਿਕ ਪੁਲਸ ਵੱਲੋਂ ਮਿਲ ਕੇ ਦੁਕਾਨਦਾਰਾਂ ਵੱਲੋਂ ਸੜਕਾਂ 'ਤੇ ਸਾਮਾਨ ਰੱਖ ਕੇ ਕੀਤੇ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਸੰਬੰਧੀ ਮੁਹਿੰਮ ਚਲਾਈ ਗਈ, ਜਿਸ ਤਹਿਤ ਨਗਰ ਕੌਂਸਲ ਦੇ ਕਰਮਚਾਰੀਆਂ ਵੱਲੋਂ ਦੁਕਾਨਾਂ ਦੀ ਹੱਦ ਤੋਂ ਬਾਹਰ ਰੱਖੇ ਗਏ ਸਾਮਾਨ ਨੂੰ ਚੁੱਕ ਕੇ ਟਰੈਕਟਰ ਵਿੱਚ ਰੱਖਿਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਮਨਿੰਦਰ ਸਿੰਘ ਟ੍ਰੈਫਿਕ ਇੰਚਾਰਜ ਨੇ ਦੱਸਿਆ ਕਿ ਇਹ ਮੁਹਿੰਮ ਕੋਟਕਪੂਰਾ ਰੋਡ ਤੋਂ ਸ਼ੁਰੂ ਕਰਕੇ ਰੇਲਵੇ ਰੋਡ, ਮਸੀਤ ਵਾਲਾ ਚੌਕ, ਬੈਂਕ ਰੋਡ ਤੇ ਘਾਹ ਮੰਡੀ ਚੌਕ ਵਿੱਚ ਚ

22-May-PAGE-11-Majha-23.qxd 5/21/2023 10:00 PM Page 1

ਬੀ ਡੀ ਪੀ ਓ ਦੀ ਸੀਟ ਪੁਰ ਨਾ ਕੀਤੀ ਤਾਂ ਭਿੱਖੀਵਿੰਡ ਚੌਕ ਕੀਤਾ ਜਾਵੇਗਾ ਜਾਮ : ਮਾੜੀਮੇਘਾ

ਭਿੱਖੀਵਿੰਡ (ਨਜ਼ਸ)-ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ, ਬਲਾਕ ਸਕੱਤਰ ਨਰਿੰਦਰ ਸਿੰਘ ਅਲਗੋਂ ਤੇ ਨਰੇਗਾ ਯੂਨੀਅਨ ਦੇ ਆਗੂ ਟਹਿਲ ਸਿੰਘ ਲੱਧੂ ਨੇ ਅਲਗੋਂ ਕਲਾਂ, ਅਲਗੋਂ ਖੁਰਦ, ਭਾਈ ਲੱਧੂ, ਕਲਸੀਆਂ, ਭਗਵਾਨਪੁਰ ਤੇ ਸਾਂਡਪੁਰਾ ਪਿੰਡਾਂ ਦਾ ਦੌਰਾ ਕੀਤਾ ਤੇ ਨਰੇਗਾ ਕਾਮਿਆਂ ਨੂੰ ਮਿਲਿਆ ਗਿਆ। ਨਰੇਗਾ ਕਾਮਿਆਂ ਦੀ ਮੰਗ ਹੈ ਕਿ ਉਹ ਕੰਮ ਤਾਂ ਕਰੀ ਜਾਂਦੇ ਹਨ ਪਰ ਕਾਨੂੰਨ ਅਨੁਸਾਰ ਉਨ੍ਹਾਂ ਦੇ ਖਾਤਿਆਂ ਵਿੱਚ ਪੈਸੇ ਨਹੀਂ ਪੈਂਦੇ। ਉਹ ਗੱਡੀਆਂ ਦੇ ਪੈਸੇ ਵੀ ਪੱਲਿਉਂ ਖਰਚ ਰਹੇ ਹਨ। ਇਸ ਪ੍ਰਸਥਿਤੀ ਵਿੱਚ ਉਨ੍ਹਾਂ ਨੂੰ ਰੋਟੀ-ਰੋਜ਼ੀ ਦੇ ਪ੍ਰਬੰਧ ਕਰਨੇ ਵੀ ਮੁਸ਼ਕਲ ਹੋਏ ਪਏ ਹਨ। ਜਦੋਂ ਇਸ ਬਾਬਤ ਉਪਰ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਸਭ ਤੋਂ ਵੱਡੀ ਸਮੱਸਿਆ ਹੈ ਭਿਖੀਵਿੰਡ ਬੀਡੀਪੀਓ ਦੀ ਸੀਟ ਦਾ ਖਾਲੀ ਹੋਣਾ। ਭਿੱਖੀਵਿੰਡ ਦਾ ਚਾਰਜ ਪੱਟੀ ਦੇ ਬੀਡੀਪੀਓ ਨੂੰ ਦਿੱਤਾ ਹੋਇਆ ਹੈ ਉਹ ਪੰਦਰੀਂ ਵੀਹੀਂ ਦਿਨੀਂ ਆਉਂਦਾ ਹੈ। ਆਉਂਦਿਆਂ ਨੂੰ ਨੈੱਟ ਸਿਸਟਮ ਬੰਦ ਹੁੰਦਾ ਹੈ। ਲੋਕ ਖੱਜਲ ਖੁਆਰ ਹੋ ਕੇ ਵਾਪਸ ਮੁੜ ਜਾਂਦੇ ਹਨ। ਆਪ ਦੀ ਸਰਕਾਰ ਨੇ ਇਹ ਸਜ਼ਾ ਦਿੱਤੀ ਹੈ ਬਾਰਡਰ ਦੇ ਲੋਕਾਂ ਨੂੰ। ਆਗੂਆਂ ਨੇ ਕਿਹਾ ਕਿ ਜੇ ਕੋਈ ਬਾਰਡਰ ਤੇ ਅਫਸਰ ਨਹੀਂ ਆਉਂਦਾ ਤਾਂ ਭਿੱਖੀਵਿੰਡ ਬਲਾਕ ਨੂੰ ਲਾਹੌਰ ਨਾਲ ਲਾ ਦਿੱਤਾ ਜਾਵੇ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਵੀ ਭਿੱਖੀਵਿੰਡ ਲਾਹੌਰ ਦਾ ਹੀ ਹਿੱਸਾ ਸੀ। ਉਂਝ ਵੀ ਲਾਹੌਰ ਨੇੜੇ ਪੈਂਦਾ ਹੈ। ਆਗੂਆਂ ਨੇ ਕਿਹਾ ਕਿ ਜੇ ਦੋ ਚਾਰ ਦਿਨਾਂ ਵਿੱਚ ਨਰੇਗਾ ਦੇ ਪੈਸੇ ਖਾਤਿਆਂ ਵਿੱਚ ਨਾ ਪਾਏ ਗਏ ਤੇ ਬੀਡੀਪੀਓ ਦੀ ਸੀਟ ਪੁਰ ਨਾ ਕੀਤੀ ਗਈ ਤਾਂ ਸੀਪੀਆਈ ਭਿੱਖੀਵਿੰਡ ਚੌਕ ਜਾਮ ਕਰਨ ਵਾਸਤੇ ਮਜਬੂਰ ਹੋਵੇਗੀ।

7ਵੇਂ ਸੰਯੁਕਤ ਰਾਸ਼ਟਰ ਸੜਕ ਸੁਰੱਖਿਆ ਸਪਤਾਹ ਦੀ ਸਮਾਪਤੀ ਮੌਕੇ ਮੈਰਾਥਨ ਤੇ ਸਾਈਕਲ ਰੈਲੀ ਆਯੋਜਿਤ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-7ਵੇਂ ਸੰਯੁਕਤ ਰਾਸ਼ਟਰ ਸੜਕ ਸੁਰੱਖਿਆ ਸਪਤਾਹ ਦੀ ਸਮਾਪਤੀ ਮੌਕੇ ਅੰਮ੍ਰਿਤ ਆਨੰਦ ਪਾਰਕ ਰਣਜੀਤ ਐਵੀਨਿਊ ਵਿਖੇ ਮੈਰਾਥਨ ਅਤੇ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ ਜਿਸ ਨੂੰ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ, ਡਾ. ਜਸਬੀਰ ਸਿੰਘ ਸੰਧੂ ਅਤੇ ਵਿਧਾਇਕ ਮੈਡਮ ਜੀਵਨਜੋਤ ਕੌਰ ਨੇ ਸਾਂਝੇ ਤੌਰ 'ਤੇ ਹਰੀ ਝੰਡੀ ਦੇ ਕੇ ਇਸ ਰੈਲੀ ਨੂੰ ਰਵਾਨਾ ਕੀਤਾ। ਇਸ ਮੌਕੇ ਨੌਜਵਾਨਾਂ ਦਾ ਜੋਸ਼ ਦੇਖਣ ਹੀ ਵਾਲਾ ਸੀ ਅਤੇ ਲਗਭਗ 1000 ਨੌਜਵਾਨਾਂ ਨੇ ਇਸ ਰੈਲੀ ਵਿੱਚ ਭਾਗ ਲਿਆ।

ਇਸ ਮੌਕੇ ਤਿੰਨੇ ਵਿਧਾਇਕਾਂ ਨੇ ਇਕਸੁਰ ਵਿੱਚ ਬੋਲਦਿਆਂ ਕਿਹਾ ਕਿ ਇਸ ਰੈਲੀ ਦਾ ਮੁੱਖ ਮਕਸਦ ਨੌਜਵਾਨਾਂ ਦੀ ਸਿਹਤ ਅਤੇ ਉਨ੍ਹਾਂ ਨੂੰ ਆਵਾਜਾਈ ਦੇ ਨਿਯਮਾਂ ਤੋਂ ਜਾਣੂ ਕਰਵਾਉਣਾ ਹੈ। ਉਨ੍ਹਾਂ ਦੱਸਿਆ ਕਿ ਸੜਕ ਸੁਰੱਖਿਆ ਨਿਯਮਾਂ ਤੀ ਅਣਦੇਖੀ ਕਰਕੇ ਵਾਪਰਦੇ ਸੜ੍ਹਕ ਹਾਦਸਿਆਂ ਕਾਰਨ ਹਜ਼ਾਰਾਂ ਦੀ ਗਿਣਤੀ ਵਿੱਚ ਮਨੁੱਖੀ ਜਾਨਾਂ ਅਜਾਂਈ ਚਲੀ ਜਾਂਦੀਆਂ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਰੰਗਲਾ ਪੰਜਾਬ ਬਣਾਉਣ ਲਈ ਅਤੇ ਸੜਕ ਹਾਦਸਿਆਂ ਨੂੰ ਰੋਕਣ ਲਈ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਤਾਂ ਬੇਹਦ ਲਾਜ਼ਮੀ ਹੈ, ਪੰਰਤੂ ਜੇਕਰ ਸ਼ਹਿਰਾਂ ਵਿੱਚ ਘੱਟ ਦੂਰੀ ਦਾ ਫਾਸਲਾ ਨੌਜਵਾਨ ਸਾਈਕਲ ਜਾਂ ਪੈਦਲ ਰਾਹੀਂ ਕਰਨ ਤਾਂ ਉਨਾਂ ਦੀ ਸਿਹਤ ਵੀ ਠੀਕ ਰਹੇਗਾ ਅਤੇ ਵਾਤਾਵਰਨ ਵੀ ਸ਼ੁੱਧ ਰਹੇਗਾ।

ਮੈਰਾਥਨ ਵਿੱਚ ਪਹਿਲੇ 5 ਸਥਾਨਾਂ 'ਤੇ ਆਉਣ ਵਾਲੀਆਂ ਲੜਕੀਆਂ ਹਰਪ੍ਰੀਤ ਕੌਰ, ਜਸਪਾਲ ਕੌਰ, ਕੋਮਲਪ੍ਰੀਤ ਕੌਰ, ਰਮਨਦੀਪ ਕੌਰ, ਸੁਭਜੀਤ ਕੌਰ ਅਤੇ ਮੁੰਡਿਆਂ ਵਿੱਚ ਪਹਿਲੇ ਸਥਾਨ 'ਤੇ ਆਉਣ ਵਾਲੇ ਜਸ਼ਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਰਾਹੁਲ ਕੁਮਾਰ ਬੀ.ਐਸਐਫ ਤੋਂ ਅਮਰਜੀਤ ਕੁਮਾਰ, ਗੁਰਕਿਰਪਾਲ ਸਿੰਘ ਨੂੰ ਟ੍ਰਾਫੀ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਕਮਿਸ਼ਨਰ ਨਗਰ ਨਿਗਮ ਨੂੰ ਇਸ ਰੈਲੀ ਨੂੰ ਸਫਲ ਬਣਾਉਣ ਲਈ ਯਾਦਗਾਰੀ ਚਿੰਨ੍ਹ ਦੇ ਸਨਮਾਨਿਤ ਵੀ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਸਿੰਘ, ਰੀਜਨਲ ਟਰਾਂਸਪੋਰਟ ਸਕੱਤਰ ਅਰਸ਼ਪ੍ਰੀਤ ਸਿੰਘ, ਡਿਪਟੀ ਡਾਇਰੈਕਟਰ ਰੋਜ਼ਗਾਰ ਵਿਕਰਮਜੀਤ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਸੁਸ਼ੀਲ ਤੁੱਲੀ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਰੇਖਾ ਮਹਾਜਨ, ਬਲਰਾਜ ਸਿੰਘ ਢਿੱਲੋਂ, ਆਸ਼ੂ ਵਿਸ਼ਾਲ, ਫੂਡ ਸੇਫਟੀ ਅਫ਼ਸਰ ਰਜਿੰਦਰ ਕੁਮਾਰ, ਦੀਪਕ ਬੱਬਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਹੋਰ ਕਈ ਅਧਿਕਾਰੀ ਹਾਜ਼ਰ ਸਨ।

ਚੋਰਾਂ ਨੇ ਥਾਣੇਦਾਰ ਦੇ ਘਰ ਨੂੰ ਬਣਾਇਆ ਨਿਸ਼ਾਨਾ, 26 ਤੋਲੇ ਸੋਨਾ 2 ਲੱਖ ਨਗਦੀ ਚੋਰੀ

ਭਿੱਖੀਵਿੰਡ/ਖਾਲੜਾ/ਪੱਟੀ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ/ਬਲਦੇਵ ਸੰਧੂ/ਸ਼ਮਸ਼ੇਰ ਸਿੰਘ ਯੋਧਾ) ਥਾਣਾ ਹਰੀਕੇ ਦੇ ਖੇਤਰ 'ਚ ਚੋਰੀ ਦੀਆਂ ਵਾਰਦਤਾਂ ਰੁਕਣ ਦਾ ਨਾਮ ਨਹੀ ਲੈ ਰਹੀਆਂ, 65 ਲੱਖ ਦੀ ਚੋਰੀ ਦੇ ਮਾਮਲੇ ਦੀ ਹਾਲੇ ਸਿਆਹੀ ਵੀ ਨਹੀ ਸੁੱਕੀ ਕਿ ਲੰਘੀ ਰਾਤ ਅਣਪਛਾਤੇ ਚੋਰਾ ਨੇ ਇੱਕ ਥਾਣੇਦਾਰ ਦੇ ਘਰ ਨੂੰ ਨਿਸ਼ਾਨਾ ਬਣਾਕੇ 26 ਤੋਲੇ ਸੋਨਾ ਤੇ 2 ਲੱਖ ਤੋਂ ਵੱਧ ਨਕਦੀ ਲੈ ਫਰਾਰ ਹੋ ਗਏ। ਚੋਰੀ ਦੀ ਵਾਪਰੀ ਇਸ ਘਟਨਾ ਸੰਬੰਧੀ ਜਾਣਕਾਰੀ ਦਿੰਦਿਆ ਸ਼ਮਸ਼ੇਰ ਸਿੰਘ ਪੁੱਤਰ ਨਛੱਤਰ ਸਿੰਘ ਨੇ ਦੱਸਿਆ ਕਿ ਰੋਜਾਨਾ ਦੀ ਤਰਾਂ ਸਾਰੇ ਪਰਿਵਾਰਕ ਮੈਂਬਰ ਇੱਕ ਕਮਰੇ ਵਿੱਚ ਏਸੀ ਚਲਾਕੇ ਸੁੱਤੇ ਸਨ ਕਿ ਸਵੇਰੇ ਤੜਕਸਾਰ ਮੇਰੀ ਪਤਨੀ ਹਰਦੀਪ ਕੌਰ ਨੇ ਉੱਠ ਕੇ ਵੇਖਿਆ ਤਾਂ ਉਸਦਾ ਪਰਸ ਬਾਹਰ ਵਿਹੜੇ 'ਚ ਖਿਲਰਿਆ ਪਿਆ ਸੀ। ਜਿਸ ਤੋਂ ਬਾਅਦ ਜਦ ਘਰ ਦੇ ਕਮਰਿਆਂ 'ਚ ਝਾਤ ਮਾਰੀ ਤਾਂ ਵੇਖਿਆ ਕਿ ਕਿਸੇ ਅਣਪਛਾਤੇ ਚੋਰਾ ਵੱਲੋਂ ਦੋ ਕਮਰਿਆਂ ਦੀਆਂ ਗਰਿੱਲਾਂ ਤੋੜੀਆਂ ਹੋਈਆਂ ਸਨ ਅਤੇ ਇੱਕ ਕਮਰੇ ਵਿੱਚ ਪਈ ਕੱਪੜਿਆਂ ਵਾਲੀ ਪੇਟੀ 'ਚ ਮੌਜੂਦ ਸੋਨੇ ਦੇ ਗਹਿਣਿਆਂ ਵਾਲਾਂ ਟਰੰਕ ਸਮੇਤ ਕਰੀਬ ਦੋ ਲੱਖ ਤੋਂ ਵੱਧ ਨਕਦੀ ਗਾਇਬ ਸੀ। ਉਨ੍ਹਾਂ ਦੱਸਿਆ ਕਿ ਘਰ ਵਿੱਚ ਦਾਖਲ ਹੋਏ ਚੋਰਾਂ ਨੇ ਬੇਖੌਫ ਹੋ ਕੇ ਬਾਕੀ ਕਮਰਿਆਂ ਦੀ ਤਲਾਸ਼ੀ ਵੀ ਕੀਤੀ ਤੇ ਪਰਸਾਂ ਵਿੱਚ ਪਈ ਨਕਦੀ ਵੀ ਕੱਢ ਕੇ ਲੈ ਗਏ। ਸ਼ਮਸ਼ੇਰ ਸਿੰਘ ਨੇ ਦੱਸਿਆ ਉਨਾਂ ਦੇ ਪਿਤਾ ਪੰਜਾਬ ਪੁਲਸ ਵਿੱਚ ਬਤੌਰ ਥਾਣੇਦਾਰ ਪਟਿਆਲਾ ਵਿਖੇ ਸੇਵਾਵਾਂ ਦੇ ਰਹੇ ਹਨ। ਉਨ੍ਹਾਂ ਥਾਣਾ ਹਰੀਕੇ ਦੀ ਪੁਲਸ ਪਾਸੋਂ ਮੰਗ ਕੀਤੀ ਕਿ ਉਨ੍ਹਾਂ ਦੇ ਘਰ ਵਿੱਚੋਂ ਚੋਰੀ ਕਰਨ ਵਾਲੇ ਚੋਰ ਨੂੰ ਤੁਰੰਤ ਕਾਬੂ ਕਰਕੇ ਉਨ੍ਹਾਂ ਦਾ ਸੋਨਾ 'ਤੇ ਨਕਦੀ ਵਾਪਿਸ ਦਵਾਈ ਜਾਵੇ। ਉਧਰ ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਮਜਦੂਰ ਸੰਘਰਸ ਕਮੇਟੀ ਪੰਜਾਬ ਹਰੀਕੇ ਦੇ ਆਗੂ ਸਰਵਣ ਸਿੰਘ ਨੇ ਦੱਸਿਆ ਹਰੀਕੇ ਇਲਾਕੇ 'ਚ ਵੱਡੇ ਪੱਧਰ ਤੇ ਲੁੱਟਖੋਹ, ਚੋਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਪ੍ਰੰਤੂ ਹਰੀਕੇ ਪੁਲਸ ਇਨ੍ਹਾਂ ਘਟਨਾਵਾਂ ਨੂੰ ਰੋਕਣ 'ਚ ਨਾਕਾਮ ਸਾਬਿਤ ਹੋ ਰਹੀ ਹੈ । ਉਨਾਂ ਦੱਸਿਆ ਕਿ ਇਸ ਘਟਨਾ ਤੋਂ ਪਹਿਲਾਂ ਵੀ ਇੱਕ ਘਰ ਵਿੱਚੋਂ ਸੋਨੇ 'ਤੇ ਨਕਦੀ ਚੋਰ ਵੱਲੋਂ ਚੋਰੀ ਕੀਤੀ ਗਈ ਹੈ ਅਤੇ ਨਬੀਪੁਰ ਵਿੱਚ ਵੀ ਲੁਟੇਰਿਆ ਵੱਲੋਂ ਲੁੱਟ ਖੋਹ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਪ੍ਰੰਤੂ ਅਜੇ ਤੱਕ ਪੁਲਸ ਦੇ ਹੱਥ ਖਾਲੀ ਹਨ। ਉਨ੍ਹਾਂ ਜ਼ਿਲ੍ਹਾ ਤਰਨਤਾਰਨ ਦੇ ਮੁਖੀ ਗੁਰਮੀਤ ਸਿੰਘ ਚੌਹਾਨ ਤੇ ਡੀਜੀਪੀ ਪੰਜਾਬ ਪਾਸੋਂ ਮੰਗ ਕੀਤੀ ਕਿ ਹਰੀਕੇ 'ਚ ਚੋਰਾਂ ਤੇ ਲੁਟੇਰਿਆਂ ਵੱਲੋਂ ਦਹਿਸ਼ਤ ਪਾਈ ਹੋਈ ਹੈ ਅਤੇ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਕਰਨ ਵਾਲੀ ਥਾਣਾ ਹਰੀਕੇ ਦੀ ਪੁਲਸ ਉਕਤ ਚੋਰਾਂ ਤੇ ਲੁਟੇਰਿਆਂ ਖਿਲਾਫ ਕੋਈ ਠੋਸ ਕਾਰਵਾਈ ਨਹੀ ਕਰ ਰਹੀ ਹੈ ਜਿਸ ਦੇ ਨਤੀਜੇ ਵਜੋਂ ਇਲਾਕੇ 'ਚ ਸਹਿਮ ਦਾ ਮਾਹੌਲ ਬਣ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਇਲਾਕੇ ਵਿੱਚ ਵਾਪਰ ਰਹੀਆਂ ਘਟਨਾਵਾਂ 'ਤੇ ਤੁਰੰਤ ਰੋਕ ਲਾਈ ਜਾਵੇ। ਉਥੇ ਹੀ ਚੋਰੀ ਦੀ ਇਸ ਘਟਨਾ ਦਾ ਪਤਾ ਚਲਦਿਆਂ ਮੌਕੇ 'ਤੇ ਡੀਐਸਪੀ ਸਤਨਾਮ ਸਿੰਘ ਪੱਟੀ ਤੇ ਥਾਣਾ ਹਰੀਕੇ ਦੀ ਮੁਖੀ ਸੁਨੀਤਾ ਰਾਣੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮਾਮਲੇ ਦੀ ਤਫਤੀਸ਼ ਆਰੰਭ ਕਰ ਦਿੱਤੀ ਹੈ ਤੇ ਮੁਲਜ਼ਮਾਂ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ। ਜ਼ਿਕਰਯੋਗ ਹੈ ਕਿ ਬੀਤੀ 14 ਮਈ ਨੂੰ ਵੀ ਹਰੀਕੇ ਦੇ ਇੱਕ ਘਰ ਚੋਰ ਵੱਲੋਂ 85 ਤੋਲੇ ਸੋਨਾ, 13 ਲੱਖ ਤੋਂ ਵੱਧ ਨਕਦੀ ਸਮੇਤ ਲਾਸੰਸੀ ਪਿਸਤੌਲ ਚੋਰੀ ਕਰਨ ਦੀ ਘਟਨਾ ਸਾਹਮਣੇ ਆਈ ਸੀ। ਪ੍ਰੰਤੂ ਉਕਤ ਮਾਮਲੇ 'ਚ ਥਾਣਾ ਹਰੀਕੇ ਦੀ ਐੱਸਐੱਚਓ ਸੁਨੀਤਾ ਰਾਣੀ ਵੱਲੋਂ ਕੋਈ ਠੋਸ ਕਾਰਵਾਈ ਨਹੀ ਕੀਤੀ ਗਈ ਹੈ ਅਤੇ ਇਲਾਕੇ 'ਚ ਹੋਰ ਵੀ ਲੁੱਟ ਖੋਹ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਪ੍ਰੰਤੂ ਹਰੀਕੇ ਪੁਲਸ ਲੋਕਾਂ ਦੀ ਹੋ ਰਹੀ ਲੁੱਟ ਦਾ ਤਮਾਸ਼ਾ ਦੇਖ ਰਹੀ ਹੈ। ਹੁਣ ਦੇਖਣਾ ਹੋਵੇਗਾ ਕਿ ਥਾਣਾ ਹਰੀਕੇ ਦੀ ਪੁਲਸ ਇਲਾਕੇ 'ਚ ਵਾਪਰ ਰਹੀਆਂ ਘਟਨਾਵਾਂ ਨੂੰ ਕਿਸ ਤਰਾਂ ਰੋਕੇਗੀ ।

ਡੈਮੋਕਰੇਟਿਕ ਆਸ਼ਾ ਵਰਕਰ ਫੈਸਿਲੀਟੇਟਰ ਯੂਨੀਅਨ ਅੱਜ ਸਿਵਲ ਸਰਜਨ ਨੂੰ ਦੇਵੇਗੀ ਮੰਗ ਪੱਤਰ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਡੈਮੋਕਰੇਟਿਕ ਆਸ਼ਾ ਵਰਕਰ ਫੈਸਿਲੀਟੇਟਰ ਯੂਨੀਅਨ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੀ ਇੱਕ ਆਹਿਮ ਮੀਟਿੰਗ ਸਥਾਨਕ ਗਾਂਧੀ ਪਾਰਕ ਤਰਨ ਤਾਰਨ ਵਿਖੇ ਜ਼ਿਲ੍ਹਾ ਪ੍ਰਧਾਨ ਰਜਿੰਦਰ ਕੌਰ ਪਹੂਵਿੰਡ ਦੀ ਪ੍ਰਧਾਨਗੀ ਹੇਠ ਹੋਈ । ਮੀਟਿੰਗ ਫੈਸਲਾ ਕੀਤਾ ਗਿਆ ਕਿ ਜਥੇਬੰਦੀ ਵੱਲੋਂ ਆਸ਼ਾ ਵਰਕਰਾਂ ਦੀਆਂ ਅਹਿਮ ਮੰਗਾਂ ਸੰਬੰਧੀ ਕੱਲ੍ਹ 22 ਮਈ ਨੂੰ ਸਿਵਲ ਸਰਜਨ ਤਰਨ ਤਾਰਨ ਮੰਗ ਪੱਤਰ ਦਿੱਤਾ ਜਾਵੇਗਾ। ਜਥੇਬੰਦੀ ਦੇ ਲਖਵਿੰਦਰ ਕੌਰ ਨਾਰਲੀ ਸੀਨੀਅਰ ਮੀਤ ਪ੍ਰਧਾਨ, ਹਰਜਿੰਦਰ ਕੌਰ ਸਿਰਹਾਲੀ ਜਰਨਲ ਸਕੱਤਰ, ਕੁਲਦੀਪ ਕੌਰ ਕਸੇਲ ਵਿੱਤ ਸਕੱਤਰ, ਵੀਰਪਾਲ ਕੌਰ ਸਿਰਹਾਲੀ ਆਗੂਆ ਵੱਲੋ ਵਿਸਥਾਰਪੂਰਵਕ ਗੱਲਬਾਤ ਕਰਦਿਆ ਮੰਗਾਂ ਸੰਬੰਧੀ ਕਿਹਾ ਕਿ ਆਸ਼ਾ ਵਰਕਰ ਤੇ ਫੈਸਿਲੀਟੇਟਰ ਤੇ ਘੱਟੋ-ਘੱਟ ਉਜਰਤ ਦਾ ਕਾਨੂੰਨ ਲਾਗੂ ਕਰਨ, ਆਸ਼ਾ ਅਤੇ ਫੈਸਿਲੀਟੇਟਰ ਦਾ ਤਿੰਨ ਮਹੀਨੇ ਤੋਂ ਰੁਕਿਆ ਮਾਣ ਭੱਤੇ ਅਤੇ ਇਨਸੈਂਟਿਵ ਤਰੁੰਤ ਜਾਰੀ ਕਰਨ, ਆਸ਼ਾ ਵਰਕਰ ਦਾ ਮਾਨ ਭੱਤਾ ਹਰ ਮਹੀਨੇ 10 ਤਰੀਖ ਤੱਕ ਜਾਰੀ ਕਰਨ, ਵਰਕਰਾਂ ਨੂੰ ਹਾਸਪੀਟਲ ਵਿੱਚ ਡਿਲਵਰੀ ਲਿਆਉਣ ਤੇ ਬਦਸਲੂਕੀ ਨਾ ਕਰਨ, ਆਸ਼ਾ ਵਰਕਰਾਂ ਲਈ ਹਾਸਪੀਟਲ ਵਿੱਚ ਰਾਤ ਠਹਿਰਨ ਲਈ ਕਮਰੇ ਦਾ ਪ੍ਰਬੰਧ ਕੀਤਾ ਜਾਵੇ, ਆਸ਼ਾ ਵਰਕਰਾਂ ਤੋਂ ਹਾਸਪੀਟਲ ਵਿੱਚ ਸਫਾਈ ਆਦਿ ਦਾ ਕੰਮ ਨਾ ਲਿਆ ਜਾਵੇ। ਇਸ ਤੋਂ ਇਲਾਵਾ ਕਟੌਤੀ ਕੀਤਾ ਕੋਵਿਡ ਭੱਤਾ ਬਹਾਲ ਕਰਨ, ਇਲਾਜ ਪੂਰਾ ਕਰ ਚੁੱਕੇ ਟੀ. ਬੀ. ਦੇ ਮਰੀਜ਼ਾਂ ਦੇ ਪੈਸੇ ਦੇਣ, ਫੈਮਲੀ ਪਲਾਨਿੰਗ ਕੇਸਾਂ ਦੇ ਮੋਟੀਵੇਸ਼ਨ ਦੇ ਪੈਸੇ ਦੇਣ, ਦਸ ਹਜ਼ਾਰ ਦੀ ਆਬਾਦੀ ਪਿਛੇ ਆਸ਼ਾ ਫੈਸਿਲੀਟੇਟਰ ਨਿਯੁਕਤ ਕਰਨ ਅਤੇ ਅਰਬਨ ਏਰੀਆ ਵਿੱਚ ਫੈਸਿਲੀਟੇਟਰਾਂ ਨਿਯੁਕਤ ਕਰਨ ਆਦਿ। ਇਸ ਮੌਕੇ ਹਰਜੀਤ ਕੌਰ ਸਿਰਹਾਲੀ ਬਲਾਕ ਪ੍ਰਧਾਨ, ਨਿਰਮਲਜੀਤ ਕੌਰ, ਮਨਜੀਤ ਕੌਰ ਪੂਹਵਿੰਡ ਪਰਮਜੀਤ ਕੌਰ, ਰਣਜੀਤ ਕੌਰ, ਮਨਜੀਤ ਕੌਰ ਸਿਰਹਾਲੀ, ਕੁਲਦੀਪ ਕੌਰ ਭੁੱਚਰ, ਮਨਜੀਤ ਕੌਰ, ਰਾਜਬੀਰ ਕੌਰ, ਸੁਖਵਿੰਦਰ ਕੌਰ, ਸੁਖਪ੍ਰੀਤ ਕੌਰ ਕਸੇਲ, ਸੁਖਵਿੰਦਰ ਕੌਰ , ਕੰਵਲਪ੍ਰੀਤ ਕੌਰ ਤੋਂ ਇਲਾਵਾ ਡੀ. ਐਮ . ਐਫ. ਆਗੂ ਸਾਬਕਾ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ, ਪ੍ਰਤਾਪ ਸਿੰਘ ਠੱਠਗੜ੍ਹ, ਕਸ਼ਮੀਰ ਸਿੰਘ ਚੋਹਲਾ, ਕੰਵਰਦੀਪ ਸਿੰਘ ਚੱਕ ਮਹਿਰ ਹਾਜ਼ਰ ਹੋਏ।

ਰੋਟਰੀ ਕਲੱਬ ਆਸਥਾ ਵੱਲੋਂ ਸ਼ਿਵਪੁਰੀ ਲਈ ਪੱਖੇ ਭੇਟ

ਅੰਮ੍ਰਿਤਸਰ (ਅਰੋੜਾ): ਰੋਟਰੀ ਕਲੱਬ ਅੰਮ੍ਰਿਤਸਰ ਆਸਥਾ ਵੱਲੋਂ ਕਲੱਬ ਦੇ ਪ੍ਰਧਾਨ ਅਸ਼ਵਨੀ ਅਵਸਥੀ ਸਕੱਤਰ ਅਮਨ ਸ਼ਰਮਾ ਅਤੇ ਸਾਬਕਾ ਸਹਾਇਕ ਗਵਰਨਰ ਪਰਮਜੀਤ ਸਿੰਘ ਅਰੋੜਾ ਦੀ ਦੇਖ ਰੇਖ ਵਿੱਚ ਇੱਕ ਸ਼ਲਾਘਾਯੋਗ ਪ੍ਰੋਜੈਕਟ ਨੂੰ ਅੰਜਾਮ ਦਿੰਦੇ ਹੋਏ ਛੇਹਰਟਾ ਘਨੁੰਪੁਰ ਕਾਲੇ ਵਿੱਚ ਸਥਿਤ ਸ਼ਮਸ਼ਾਨਘਾਟ ਦੇ ਲਈ ਉੱਚ ਕਵਾਲਿਟੀ ਦੇ ਪੱਖੇ ਭੇਟ ਕੀਤੇ।

ਅਸ਼ਵਨੀ ਅਵਸਥੀ ਨੇ ਦੱਸਿਆ ਕਿ ਏ. ਆਈ. ਸੀ. ਈ. ਸੋਸਾਇਟੀ ਦੇ ਨਿਵੇਦਨ ਤੇ ਇਹ ਧਾਰਮਿਕ ਕੰਮ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ। ਸ਼ਿਵਪੁਰੀ ਦੇ ਪ੍ਰਧਾਨ ਬਲਰਾਮ ਕਿਸ਼ਨ ਅਰੋੜਾ ਨੇ ਦੱਸਿਆ ਕਿ ਭਗਵਾਨ ਸ਼ੰਕਰ ਦੀ ਮੂਰਤੀ ਦੇ ਹਾਲ ਵਿੱਚ ਪੱਖਿਆਂ ਦੀ ਲੋੜ ਸੀ ਜਿਸਨੂੰ ਖੁਸ਼ੀ ਖੁਸ਼ੀ ਸਵੀਕਾਰ ਕਰਦੇ ਹੋਏ ਪੱਖੇ ਭੇਟ ਕੀਤੇ ਗਏ। ਸੋਸਾਇਟੀ

22-May-PAGE-12.qxd 5/21/2023 9:59 PM Page 1

ਤਸਬੀ ਦੇ ਮਣਕੇ ਮਣਕੇ 'ਤੇ ਮੈਂ ਯਾਰ ਦਾ ਵਿਰਦ ਪਗਾਉਨੀ ਆ...

ਸ਼ਾਹਕੋਟ, (ਗਿਆਨ ਸੈਦਪੁਰੀ)

ਗੁਲਾਮ ਮੁਸਤਫ਼ਾ ਉਰਫ਼ ਮਸਤ ਰਾਮ ਲਾਲ ਦੇ ਰੌਜ਼ੇ 'ਤੇ ਦੋ ਰੋਜ਼ਾ 41ਵਾਂ ਮੇਲਾ ਯਾਦਗਾਰੀ ਹੋ ਨਿਬੜਿਆ। ਦੋ ਦਿਨ ਸਰੋਤਿਆਂ ਨੇ ਜਿੱਥੇ ਵੱਖ-ਵੱਖ ਕੱਵਾਲਾਂ ਨੱਕਾਲਾਂ ਅਤੇ ਪੰਜਾਬੀ ਗਾਇਕਾਂ ਵੱਲੋਂ ਪੇਸ਼ ਸੰਗੀਤ ਦੀਆਂ ਵੱਖ-ਵੱਖ ਵੰਨਗੀਆਂ ਦਾ ਅਨੰਦ ਮਾਣਿਆ ਉੱਥੇ ਮੇਲੇ ਦੇ ਆਖ਼ਰੀ ਦੌਰ ਵਿੱਚ ਹੋਈ ਛਿੰਝ ਵਿੱਚ ਭਲਵਾਨਾ ਦੇ ਜੌਹਰ ਵੀ ਵੇਖੇ।

ਗਾਇਕੀ ਦੇ ਖੁੱਲ੍ਹੇ ਅਖਾੜੇ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਰਾਣਾ ਹਰਦੀਪ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸੇ ਤਰ੍ਹਾਂ ਛਿੰਝ ਮੇਲੇ ਵਿੱਚ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਗਾਇਕੀ ਦੀ ਪੇਸ਼ਕਾਰੀ ਵੇਲੇ ਸੁਲਤਾਨਾ ਨੂਰਾਂ ਅਤੇ ਕੁਸ਼ਤੀ ਸ਼ੁਰੂ ਕਰਾਉਂਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਗਿਆਨ ਸਿੰਘ ਸਿੱਧੂ ਤੇ ਹੋਰ।

ਮੇਲੇ ਦੇ ਪਹਿਲੇ ਦਿਨ ਝੰਡਾ ਅਤੇ ਚਾਦਰ ਚੜ੍ਹਾਉਣ ਵਰਗੀਆਂ ਧਾਰਮਿਕ ਰਸਮਾਂ ਉਪਰੰਤ ਗਾਇਕੀ ਦਾ ਖੁੱਲ੍ਹਾ ਅਖਾੜਾ ਲੱਗਾ। ਇਸ ਵਿੱਚ ਅਰਸ਼ ਸਿਕੰਦਰ, ਲਵਿਸ਼ ਚੌਹਾਨ, ਆਰ ਡੀ ਗਿੱਲ, ਨਿਰਮਲ ਢੰਡੋਵਾਲੀਆ, ਗੁਰਮੇਲ ਭੰਗਾਣੀਆਂ, ਮੰਗੀ ਹੰਸ, ਲਲਿਤ ਵਾਲੀਆ ਅਤੇ ਬਲਜੀਤ ਸੰਧੂ ਨੇ ਸੁਰੀਲੀ ਗਾਇਕੀ ਰਾਹੀਂ ਸਰੋਤੇ ਸਰਸ਼ਾਰ ਕੀਤੇ। ਰਾਤ ਵੇਲੇ ਪ੍ਰਸਿੱਧ ਕੱਵਾਲ ਕਰਾਮਤ ਅਲੀ ਐਂਡ ਪਾਰਟੀ ਮਾਲੇਰਕੋਟਲੇ ਵਾਲੇ, ਮੁਨੱਵਰ ਅਲੀ ਐਂਡ ਪਾਰਟੀ ਤੇ ਤਾਰਿਕ ਹੁਸੈਨ ਨੇ ਕੱਵਾਲੀਆ ਰਾਹੀਂ ਸਰੋਤਿਆਂ ਨੂੰ ਨਿਹਾਲ ਕੀਤਾ।

ਦੂਸਰੇ ਦਿਨ ਦੇ ਗਾਇਕੀ ਅਖਾੜੇ ਵਿੱਚ ਸੁਲਤਾਨਾ ਨੂਰਾਂ ਨੇ ਸੂਫ਼ੀਆਨਾ ਗਾਇਕੀ ਰਾਹੀਂ ਸਰੋਤੇ ਝੂਮਣ ਲਾ ਦਿੱਤੇ। ਉਸ ਨੇ 'ਤੇਰੇ ਮੁੱਖੜੇ 'ਤੇ ਤੱਕਿਆ ਨਜ਼ਾਰਾ....ਤੋਂ ਲੈ ਕੇ ਦਮਾ ਦਮ ਮਸਤ ਕਲੰਦਰ... ਤੱਕ ਅਨੇਕਾਂ ਖੂਬਸੂਰਤ ਪੇਸ਼ਕਾਰੀਆਂ ਕੀਤੀਆਂ। ਨੂਰਾਂ ਵੱਲੋਂ ਪੇਸ਼ ਗੀਤ, 'ਤਸਬੀ ਦੇ ਮਣਕੇ ਮਣਕੇ 'ਤੇ ਮੈਂ ਯਾਰ ਦਾ ਵਿਰਦ ਪਗਾਉਨੀ ਆਂ, ਜਦ ਯਾਦ ਸੱਜਣ ਦੀ ਆ ਜਾਵੇ, ਸਜ਼ਦੇ 'ਚ ਮੈਂ ਸਿਰ ਨੂੰ ਝੁਕਾਉਨੀਆ...ਵੇਲੇ ਪੱਤਾ ਵੀ ਹਿੱਲੇ ਤਾਂ ਖੜਾਕ ਹੋਵੇ ਵਰਗਾ ਮਹੌਲ ਪੈਦਾ ਹੋ ਗਿਆ। ਇਸ ਮੌਕੇ ਜਮਨਾ ਰਸੀਲਾ ਅਤੇ ਇਲਾਹੀ ਸੋਹਲ ਨੇ ਵੀ ਪ੍ਰੋਗਰਾਮ ਪੇਸ਼ ਕੀਤਾ।

ਦੂਜੇ ਦਿਨ ਦੀ ਰਾਤ ਨੂੰ ਸੁਲਤਾਨ ਭਰਾਵਾਂ ਦੀ ਕੱਵਾਲ ਪਾਰਟੀ ਅੰਬਾਲਾ ਕੈਂਟ, ਅਰੁਣ ਹੰਸ, ਮਨਜਿੰਦਰ ਮਨੀ, ਬੀ ਐਸ ਬੱਲੀ ਦੀ ਕੱਵਾਲ ਪਾਰਟੀ ਅਤੇ ਕੱਚੀ ਗਿਰੀ ਦੀ ਨੱਕਾਲ ਪਾਰਟੀ ਨੇ ਬਾ-ਕਮਾਲ ਪੇਸ਼ਕਾਰੀਆਂ ਕੀਤੀਆਂ। ਦੋਵੇਂ ਦਿਨ ਸਟੇਜ ਸਕੱਤਰਾਂ ਵਜੋਂ ਮਨਜੀਤ ਮਾਨ, ਮੰਗਾ ਕੋਟਲੀ ਅਤੇ ਅਮਨਦੀਪ ਸੈਦਪੁਰੀ ਨੇ ਖੂਬਸੂਰਤ ਭੂਮਿਕਾ ਨਿਭਾਈ।

ਮੇਲੇ ਦੇ ਪ੍ਰਬੰਧਕਾਂ ਵਜੋਂ ਗਿਆਨ ਸਿੰਘ ਸਿੱਧੂ, ਭੂਸ਼ਨ ਸਿੱਧੂ, ਬਾਬ ਨਿੰਦ, ਬਾਬਾ ਦਰੋਗਾ, ਠੇਕੇਦਾਰ ਅਵਤਾਰ ਸਿੰਘ, ਜਸਵੀਰ ਜੱਸਾ, ਬਲਵਿੰਦਰ ਗਿੱਲ, ਬਲਦੇਵ ਰਾਜ ਆਦਿ ਨੇ ਅਹਿਮ ਭੂਮਿਕਾ ਨਿਭਾਈ। ਮੇਲੇ ਦੀ ਹਾਜ਼ਰੀ ਭਰਨ ਵਾਲਿਆਂ ਵਿੱਚ ਕਮਲਜੀਤ ਸਿੰਘ ਲਾਲੀ ਪੀ ਏ, ਰਣਬੀਰ ਸਿੰਘ ਰਾਣਾ ਸਾਬਕਾ ਸਰਪੰਚ, ਮਾਰਕੀਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਸੁਰਿੰਦਰਜੀਤ ਸਿੰਘ ਚੱਠਾ, ਸੁਖਦੀਪ ਸਿੰਘ ਕੰਗ ਪੀ ਏ, ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ, ਜਗਤਾਰ ਸਿੰਘ ਖਾਲਸਾ, ਰਵਿੰਦਰ ਸਿੰਘ ਬਦੇਸ਼ਾ ਕਨੇਡਾ, ਮਨਜੀਤ ਸਿੰਘ ਸੈਦਪੁਰ, ਜਸਪਾਲ ਸਿੰਘ ਭੱਟੀ ਸਰਪੰਚ ਸੈਦਪੁਰ ਝਿੜੀ, ਆਪ ਆਗੂ ਕਮਲ ਕੁਮਾਰ ਨਾਹਰ, ਰੰਗਰੇਟਾ ਦਲ ਦੇ ਆਗੂ ਜੋਗਿੰਦਰ ਸਿੰਘ ਟਾਇਗਰ, ਆਪ ਦੇ ਸਪੋਰਟਸ ਵਿੰਗ ਦੇ ਆਗੂ ਬਲਕਾਰ ਸਿੰਘ ਚੱਠਾ, ਸੋਨੀ ਢੋਟ, ਪ੍ਰਵੀਨ ਗਰੋਵਰ, ਰਾਹੁਲ ਪੰਡਿਤ, ਗੋਪੀ ਸ਼ਾਹਕੋਟ, ਜੋਨਾ ਮਲਸੀਆਂ, ਸਾਹਬ ਥਿੰਦ, ਬਬਲੂ ਰਿਹਾਨ, ਨੰਬਰਦਾਰ ਸੋਨੂੰ ਕਿਲੀ, ਦਲਬੀਰ ਸਿੰਘ ਜ਼ਾਫ਼ਰਵਾਲ, ਜਸਵਿੰਦਰ ਸਿੰਘ ਸਲੈਚਾਂ ਆਦਿ ਸ਼ਾਮਲ ਹਨ।

ਪੰਚਾਇਤੀ ਜ਼ਮੀਨਾਂ 'ਤੇ ਕਾਬਜ਼ਾਂ ਨੂੰ ਕਬਜ਼ਾ ਛੱਡਣ ਦੇ ਐਲਾਨ ਨਾਲ ਮਚਿਆ ਹੜਕੰਪ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)- ਪੰਜਾਬ ਸਰਕਾਰ ਵੱਲੋਂ ਪੰਚਾਇਤੀ ਜ਼ਮੀਨਾਂ 'ਤੇ ਕਾਬਜ਼ ਵਿਅਕਤੀਆਂ ਨੂੰ 31 ਮਈ ਤੱਕ ਕਬਜ਼ਾ ਛੱਡਣ ਦੇ ਕੀਤੇ ਐਲਾਨ ਤੋਂ ਬਾਅਦ ਮੁੜ ਤੋਂ ਅਬਾਦਕਾਰ ਕਿਸਾਨ ਪਰਵਾਰਾਂ 'ਚ ਹੜਕੰਪ ਮਚ ਗਿਆ ਹੈ। ਜਿਸ ਨੂੰ ਲੈ ਕੇ ਕਈ ਕਿਸਾਨ ਸੰਗਠਨਾਂ ਨੇ ਸਰਕਾਰ ਦੇ ਇਸ ਫੈਸਲੇ ਦੇ ਵਿਰੋਧ 'ਚ ਸੰਘਰਸ਼ ਦਾ ਰਾਹ ਅਖਤਿਆਰ ਕਰਨ ਦਾ ਫੈਸਲਾ ਲਿਆ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਦੇ ਉਕਤ ਐਲਾਨ ਤੋਂ ਬਾਅਦ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਵੀ ਚੇਤਾਵਨੀ ਦਿੰਦਿਆਂ ਕਿਹਾ ਕਿ ਜਿਨ੍ਹਾਂ ਰਸੂਖਵਾਨ ਲੋਕਾਂ ਨੇ ਲੰਬੇ ਸਮੇਂ ਤੋਂ ਉਕਤ ਸਰਕਾਰੀ ਜ਼ਮੀਨਾਂ 'ਤੇ ਨਜਾਇਜ਼ ਕਬਜ਼ੇ ਕੀਤੇ ਹਨ, ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਦੇ ਨਾਲ ਹੀ ਸਰਕਾਰ ਵੱਲੋਂ ਇਹ ਵੀ ਐਲਾਨ ਕੀਤਾ ਗਿਆ ਕਿ ਅਗਰ ਨਿਰਧਾਰਤ ਸਮੇਂ ਦੌਰਾਨ 31 ਮਈ ਤੱਕ ਉਕਤ ਜ਼ਮੀਨਾਂ ਤੋਂ ਕਾਬਜ਼ਕਾਰਾਂ ਨੇ ਆਪਣਾ ਕਬਜ਼ਾ ਨਹੀਂ ਛੱਡਿਆ ਤਾਂ 1 ਜੂਨ ਤੋਂ ਕਾਨੂੰਨ ਅਨੁਸਾਰ ਉਨ੍ਹਾਂ ਖਿਲਾਫ ਕਾਰਵਾਈ ਆਰੰਭੀ ਜਾਵੇਗੀ। ਇਸ ਤੋਂ ਬਾਅਦ ਅੱਜ ਇਲਾਕਾ ਆਬਾਦਕਾਰ ਸੰਘਰਸ਼ ਕਮੇਟੀ ਅਤੇ ਜਮਹੂਰੀ ਕਿਸਾਨ ਸਭਾ ਦੀ ਇਕ ਸਾਂਝੀ ਹੰਗਾਮੀ ਬੈਠਕ ਪਿੰਡ ਜੇਤੇਵਾਲ (ਸਿੰਬਲ ਮਾਜਰਾ) ਸਥਿਤ ਗੁਰਦੁਆਰਾ ਸ੍ਰੀ ਬਾਣਗੜ੍ਹ ਸਾਹਿਬ ਵਿਖੇ ਬੁਲਾਈ ਗਈ। ਬੈਠਕ ਨੂੰ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਦੇ ਸੂਬਾ ਆਗੂ ਕਾਮਰੇਡ ਮੋਹਨ ਸਿੰਘ ਧਮਾਣਾ ਅਤੇ ਜ਼ਿਲ੍ਹਾ ਪ੍ਰਧਾਨ ਮਾ. ਗੁਰਨੈਬ ਸਿੰਘ ਜੇਤੇਵਾਲ ਨੇ ਕਿਹਾ ਕਿ ਕੁਝ ਸਮਾਂ ਸ਼ਾਂਤ ਰਹਿਣ ਤੋਂ ਬਾਅਦ ਮੁੜ ਪੰਜਾਬ ਸਰਕਾਰ ਨੂੰ ਅਜਿਹਾ ਕਿਹੜਾ ਖਿਆਲ ਸਤਾਉਣ ਲੱਗ ਪਿਆ ਕਿ ਦਹਾਕਿਆਂ ਪਹਿਲਾਂ ਤੋਂ ਬੰਜਰ ਜ਼ਮੀਨ ਨੂੰ ਅਬਾਦ ਕਰਕੇ ਆਪਣੇ ਪਰਵਾਰਾਂ ਦਾ ਗੁਜ਼ਾਰਾ ਚਲਾਉਣ ਵਾਲੇ ਕਿਸਾਨ ਪਰਵਾਰਾਂ ਦੇ ਸਰਕਾਰ ਪਿੱਛੇ ਪੈ ਗਈ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਸਰਕਾਰ ਉਕਤ ਜ਼ਮੀਨਾਂ ਦੀ ਰਜਿਸਟਰੀ ਕਾਬਜ਼ਕਾਰ ਕਿਸਾਨਾਂ ਦੇ ਨਾਂ ਕਰੇ। ਜਦਕਿ ਉਲਟਾ ਇਨ੍ਹਾਂ ਕਾਸ਼ਤਕਾਰਾਂ ਨੂੰ ਜ਼ਮੀਨਾਂ ਖਾਲੀ ਕਰਨ ਦੀਆਂ ਸਰਕਾਰ ਵੱਲੋਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਜਿਸ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਲਾਕਾ ਆਬਾਦਕਾਰ ਸੰਘਰਸ਼ ਕਮੇਟੀ ਦੇ ਪ੍ਰਧਾਨ ਦਲਜੀਤ ਸਿੰਘ ਰਾਏਪੁਰ ਨੇ ਆਖਿਆ ਕਿ ਉਨ੍ਹਾਂ ਦੇ ਬਜ਼ੁਰਗਾਂ ਨੇ ਖੂਨ ਪਸੀਨਾ ਇਕ ਕਰਕੇ ਉਕਤ ਜ਼ਮੀਨਾਂ ਨੂੰ ਅਬਾਦ ਕੀਤਾ ਹੈ। ਜਿਨ੍ਹਾਂ ਨੂੰ ਉਹ ਹਰਗਿਜ਼ ਨਹੀਂ ਛੱਡਣਗੇ। ਮੀਟਿੰਗ ਦੌਰਾਨ ਫੈਸਲਾ ਲਿਆ ਗਿਆ ਕਿ ਜਮਹੂਰੀ ਕਿਸਾਨ ਸਭਾ ਅਤੇ ਇਲਾਕਾ ਅਬਾਦਕਾਰ ਸੰਘਰਸ਼ ਕਮੇਟੀ ਵੱਲੋਂ ਮਿਲ ਕੇ ਸਰਕਾਰ ਦੇ ਉਕਤ ਫੈਸਲੇ ਦੇ ਵਿਰੋਧ 'ਚ 25 ਮਈ ਨੂੰ ਸਵੇਰੇ 10 ਵਜੇ ਮਹਾਰਾਜਾ ਰਣਜੀਤ ਸਿੰਘ ਬਾਗ ਰੂਪਨਗਰ ਵਿਖੇ ਇਕੱਠ ਕਰਕੇ ਸਰਕਾਰ ਵਿਰੁੱਧ ਅਵਾਜ਼ ਬੁਲੰਦ ਕੀਤੀ ਜਾਵੇਗੀ। ਜਿਸ ਵਿੱਚ ਉਨਾਂ ਖੇਤਰ ਦੇ ਸਮੂਹ ਅਬਾਦਕਾਰ ਕਿਸਾਨਾਂ ਨੂੰ ਵੱਧ-ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ। ਬੈਠਕ 'ਚ ਉਕਤ ਆਗੂਆਂ ਤੋਂ ਇਲਾਵਾ ਕੇਸਰ ਸਿੰਘ, ਮਹਿੰਦਰ ਸਿੰਘ, ਨਰਿੰਦਰ ਸਿੰਘ ਬਜਰੂੜ, ਮਾ. ਗੁਰਚੈਨ ਸਿੰਘ, ਚੰਨੀ ਡਾਢੀ, ਸੁਰਿੰਦਰ ਸਿੰਘ, ਯੋਗਰਾਜ ਧਾਦਲੀ, ਮਾ. ਗੁਰਬਖਸ਼ ਸਿੰਘ, ਦਰਸ਼ਨ ਸਿੰਘ ਬੜਵਾ, ਧਰਮਪਾਲ ਸੈਣੀਮਾਜਰਾ, ਯੋਗਰਾਜ ਤੇ ਗੁਰਨਾਮ ਸਿੰਘ ਰਾਏਪੁਰ ਸਹਿਤ ਭਾਰੀ ਸੰਖਿਆ 'ਚ ਅਬਾਦਕਾਰ ਕਿਸਾਨ ਹਾਜ਼ਰ ਸਨ।

ਸੁਸ਼ੀਲ ਰਿੰਕੂ ਪੰਜਾਬ ਤੇ ਜਲੰਧਰ ਦੇ ਮਸਲੇ ਲੋਕ ਸਭਾ 'ਚ ਉਠਾਉਣ ਲਈ ਪੂਰੀ ਤਰ੍ਹਾਂ ਸਮਰੱਥ : ਜੱਸਲ

ਆਦਮਪੁਰ (ਪਰਮਜੀਤ ਸਿੰਘ)

ਆਮ ਆਦਮੀ ਪਾਰਟੀ ਵੱਲੋਂ ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ਜਿੱਤਣ ਲਈ ਸੁਸ਼ੀਲ ਕੁਮਾਰ ਰਿੰਕੂ ਨੂੰ ਵਧਾਈ ਦਿੰਦਿਆਂ ਪਾਰਟੀ ਦੇ ਸੀਨੀਅਰ ਆਗੂ ਜਗਦੀਸ਼ ਕੁਮਾਰ ਜੱਸਲ ਨੇ ਕਿਹਾ ਕਿ ਇਹ ਆਮ ਆਦਮੀ ਪਾਰਟੀ ਦੀਆਂ ਲੋਕ ਉਸਾਰੂ ਨੀਤੀਆਂ ਦੀ ਜਿੱਤ ਹੈ। ਉਨ੍ਹਾ ਕਿਹਾ ਭਗਵੰਤ ਮਾਨ ਸਰਕਾਰ ਨੇ ਜਿਸ ਤਰ੍ਹਾਂ ਸਭ ਵਰਗਾਂ ਨੂੰ ਨਾਲ ਲੈ ਕੇ ਸਭ ਲਈ ਕੰਮ ਕੀਤਾ ਹੈ, ਜਿੱਤ ਇਸ ਚੰਗੀ ਸੋਚ ਦੀ ਵੀ ਹੈ। ਜੱਸਲ ਨੇ ਕਿਹਾ ਆਪ ਸਰਕਾਰ ਹੌਲੀ ਹੌਲੀ ਆਪਣੇ ਸਾਰੇ ਵਾਅਦੇ ਪੂਰੇ ਕਰੇਗੀ। ਇਹ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ। ਉਨ੍ਹਾ ਕਿਹਾ ਜਿਵੇਂ ਭਗਵੰਤ ਮਾਨ ਨੇ ਲੋਕ ਸਭਾ ਮੈਂਬਰ ਹੁੰਦਿਆਂ ਪੰਜਾਬ ਦੇ ਸਾਰੇ ਮਸਲਿਆਂ ਨੂੰ ਲੋਕ ਸਭਾ ਵਿੱਚ ਚੁੱਕ ਕੇ ਪੰਜਾਬ ਹਿਤੈਸ਼ੀ ਹੋਣ ਦਾ ਪ੍ਰਮਾਣ ਦਿੱਤਾ ਸੀ, ਇਸੇ ਤਰ੍ਹਾਂ ਹੀ ਸੁਸ਼ੀਲ ਰਿੰਕੂ ਵੀ ਪੰਜਾਬ ਦੇ ਨਾਲ ਜਲੰਧਰ ਦੇ ਮਸਲਿਆਂ ਨੂੰ ਹੱਲ ਕਰਵਾਉਣ ਵਿਚ ਕੋਈ ਕਸਰ ਨਹੀਂ ਛੱਡਣਗੇ। ਜਗਦੀਸ਼ ਜੱਸਲ ਨੇ ਕਿਹਾ ਕਿ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਜਲੰਧਰ ਲਈ 95 ਕਰੋੜ 16 ਲੱਖ ਦੀ ਰਾਸ਼ੀ ਦੇਣ ਲਈ ਧੰਨਵਾਦ ਕੀਤਾ ਹੈ। ਇਸ ਨਾਲ ਜਲੰਧਰ ਸ਼ਹਿਰ ਦੀ ਨੁਹਾਰ ਬਦਲੇਗੀ। ਉਨ੍ਹਾ ਆਸ ਪ੍ਰਗਟਾਈ ਹੈ ਕਿ ਇਨ੍ਹਾਂ ਪੈਸਿਆਂ ਨਾਲ ਆਦਮਪੁਰ ਹਲਕੇ ਦੇ ਰੁਕੇ ਹੋਏ ਵਿਕਾਸ ਕਾਰਜ ਜਲਦੀ ਹੀ ਪੂਰੇ ਹੋਣਗੇ। ਜੱਸਲ ਨੇ ਕਿਹਾ ਕਿ ਆਦਮਪੁਰ ਦਾ ਹਾਈਵੇ ਰੋਡ ਮੁੜ ਚਾਲੂ ਹੋਣ 'ਤੇ ਆਦਮਪੁਰ ਹਲਕੇ ਵੱਲੋਂ ਭਗਵੰਤ ਮਾਨ ਸਰਕਾਰ ਦਾ ਧੰਨਵਾਦ ਕੀਤਾ ਹੈ। ਉਨ੍ਹਾ ਕਿਹਾ ਕਿ ਇਸ ਰੋਡ ਦੇ ਮੁੜ ਤੇਜ਼ੀ ਨਾਲ ਬਣਨ ਨਾਲ ਪੰਜਾਬ, ਹਿਮਾਚਲ ਵਾਸੀਆਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਇਸ ਮੌਕੇ ਉਨ੍ਹਾ ਨਾਲ ਨਾਸਿਰ ਸਲਮਾਨੀ ਮੈਂਬਰ ਮਾਈਨੋਰਟੀ ਕਮਿਸ਼ਨ ਪੰਜਾਬ, ਸੰਦੀਪ ਨਿੱਜਰ ਬਿਆਸ ਪਿੰਡ, ਜਸਵੀਰ ਸਾਬੀ ਪਧਿਆਣਾ, ਰਹਿਮਤ ਅਲੀ, ਸਾਬੀ ਜੱਸਲ ਅਤੇ ਹੋਰ ਹਾਜ਼ਰ ਸਨ।

ਸਰ ਮਾਰਸ਼ਲ ਸਕੂਲ ਬੈਂਸ ਅਵਾਨ 'ਚ ਵਿਦਿਆਰਥੀਆਂ ਨੇ ਮੈਂਗੋ ਤੇ ਯੈਲੋ ਡੇ ਮਨਾਇਆ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)

ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਪ੍ਰਿੰ. ਕਮਲਪ੍ਰੀਤ ਸਿੰਘ ਦੀ ਅਗਵਾਈ ਵਿਚ ਸਕੂਲ ਵਿਖੇ ਮੈਂਗੋ ਅਤੇ ਯੈਲੋ ਡੇ ਮਨਾਉਣ ਸੰਬੰਧੀ ਇਕ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਵਿਦਿਆਰਥੀਆਂ ਨੇ ਵੱਖ ਵੱਖ ਐਕਟੀਵਿਟੀ ਅਤੇ ਚਿੱਤਰਕਾਰੀ ਕਰਦੇ ਹੋਏ ਖੂਬ ਮਨੋਰੰਜਨ ਕੀਤਾ। ਮੈਂਗੋ ਅਤੇ ਯੈਲੋ ਡੇ ਸੰਬੰਧੀ ਵਿਦਿਆਰਥੀਆਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਪ੍ਰਿੰ. ਕਮਲਜੀਤ ਸਿੰਘ ਨੇ ਕਿਹਾ ਕਿ ਫਰੂਟ ਵਿਚ ਅੰਬ ਨੂੰ ਫਲਾਂ ਦਾ ਰਾਜਾ ਵੀ ਕਿਹਾ ਜਾਂਦਾ ਹੈ। ਉਨ੍ਹਾ ਵਿਦਿਆਰਥੀਆਂ ਨੂੰ ਮੈਂਗੋ ਸ਼ੇਕ, ਮੈਂਗੋ ਆਈਸ ਕਰੀਮ, ਮੈਂਗੋ ਕੇਕ ਤੋਂ ਇਲਾਵਾ ਅੰਬ ਤੋਂ ਤਿਆਰ ਹੋਣ ਵਾਲੇ ਸ਼ੇਕ ਅਤੇ ਹੋਰ ਚੀਜ਼ਾਂ ਸੰਬੰਧੀ ਵਿਸਤਾਰ ਪੂਰਵਕ ਸਮਝਾਇਆ। ਉਨ੍ਹਾ ਦੱਸਿਆ ਕਿ ਕੱਚੇ ਅੰਬ ਤੋਂ ਚਟਨੀ, ਮੁਰੱਬਾ ਅਤੇ ਅਚਾਰ ਤਿਆਰ ਕੀਤਾ ਜਾਂਦਾ ਹੈ। ਉਨ੍ਹਾ ਕਿਹਾ ਕਿ ਅੰਬ ਤੋਂ ਭਰਪੂਰ ਮਾਤਰਾ ਵਿਚ ਵਿਟਾਮਿਨ, ਪ੍ਰੋਟੀਨ, ਕੈਲਸ਼ੀਅਮ ਅਤੇ ਪੋਟਾਸ਼ੀਅਮ ਮਿਲਦੇ ਹਨ। ਇਸ ਮੌਕੇ ਸਕੂਲ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ

ਐਕਟੀਵੀਟੀਜ਼ ਕਰਵਾਈਆਂ ਗਈਆਂ ਅਤੇ ਬੱਚਿਆਂ ਨੇ ਪੇਪਰ ਸ਼ੀਟ ਨਾਲ ਅੰਬ ਦੀ ਚਿੱਤਰਕਾਰੀ ਵੀ ਤਿਆਰ ਕੀਤੀ। ਪ੍ਰਾਇਮਰੀ ਵਿੰਗ ਦੇ ਅਧਿਆਪਕ ਮਨਦੀਪ ਕੌਰ, ਪ੍ਰਿੰਸੀ ਤੇ ਟੀਨਾ ਨੇ ਆਪਣੇ ਬਲਾਕ ਨੂੰ ਅੰਬ ਦੀ ਚਿੱਤਰਕਾਰੀ ਨਾਲ ਬਹੁਤ ਸੁੰਦਰ ਢੰਗ ਨਾਲ ਸਜਾਇਆ। ਇਸ ਮੌਕੇ ਵਾਇਸ ਪ੍ਰਿੰਸੀਪਲ ਕੁਨਿਕਾ, ਸੁਮਨਦੀਪ ਕੌਰ, ਸੰਦੀਪ ਕੌਰ, ਨਵਦੀਪ ਕੌਰ, ਭਾਵਨਾ ਅਤੇ ਹੋਰ ਹਾਜ਼ਰ ਸਨ।

ਐਸ ਡੀ ਸੀਨੀਅਰ ਸੈਕੰਡਰੀ ਕਾਲਜੀਏਟ ਸਕੂਲ 'ਚ ਮਦਰ ਡੇ ਮਨਾਇਆ

ਜਲੰਧਰ (ਇਕਬਾਲ ਸਿੰਘ ਉਭੀ)

ਸਥਾਨਕ ਰੇਲਵੇ ਰੋਡ ਨੇੜੇ ਸਥਿਤ ਪੀ ਸੀ ਐਮ ਐਸ ਡੀ ਸੀਨੀਅਰ ਸੈਕੰਡਰੀ ਕਾਲਜੀਏਟ ਸਕੂਲ ਵਿਖੇ ਮਦਰ ਡੇ ਮਨਾਇਆ ਗਿਆ। ਇਸ ਮੌਕੇ ਵੱਖ-ਵੱਖ ਮੁਕਾਬਲੇ ਕਾਰਡ ਮੇਕਿੰਗ, ਪੋਸਟਰ ਮੇਕਿੰਗ, ਪਲਾਂਟਰ ਆਦਿ ਕਰਵਾਏ ਗਏ। ਇਸ ਦਿਨ ਮਾਂ ਦੇ ਸੁਭਾਅ ਅਤੇ ਵਾਤਾਵਰਨ ਲਈ ਬੇਹਤਰੀਨ ਬੈਸਟ ਆਉਟ ਆਫ ਵੇਸਟ ਨਾਲ ਮੇਕਿੰਗ ਆਦਿ ਦਾ ਆਯੋਜਨ ਵੀ ਕੀਤਾ ਗਿਆ। ਵਿਦਿਆਰਥੀਆਂ ਨੇ ਦਿਆਲੂ, ਦੇਖਭਾਲ ਕਰਨ, ਸੱਚੇ ਪਿਆਰ, ਸਵੈ-ਸੰਭਾਲ ਅਤੇ ਕੁਰਬਾਨੀ, ਸਮਰਪਣ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ। ਮੁਕਾਬਲਿਆਂ ਦੀ ਪ੍ਰਧਾਨਗੀ ਕਰਨ ਵਾਲੇ ਜੱਜ ਡਾ. ਕੁਲਜੀਤ ਕੌਰ, ਕਾਮਰਸ ਵਿਭਾਗ, ਦਿਵਿਆ ਬੁਧੀਆ, ਅਰਥ ਸ਼ਾਸਤਰ ਵਿਭਾਗ ਅਤੇ ਸ਼ਵੇਤਾ ਮਹਾਜਨ, ਗਣਿਤ ਵਿਭਾਗ ਸਨ। ਇਸ ਮੌਕੇ ਪ੍